# ਗੁਰੂ ਅਮਰ ਦਾਸ ਜੀ
# (੧੪੭੯-੧੫੭੪, ਗੁਰਗੱਦੀ ੧੫੫੨-੧੫੭੪)

ਗੁਰੂ ਅਮਰ ਦਾਸ ਜੀ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਪਿੰਡ ਬਾਸਰਕੇ ਹੋਇਆ। ਉਹ ਆਪਣੇ ਮਾਤਾ-ਪਿਤਾ ਦੇ ਸਭ ਤੋਂ ਵੱਡੇ ਸਪੁਤ੍ਰ ਸਨ। ਉਨ੍ਹਾਂ ਦੇ ਪਿਤਾ ਭਾਈ ਤੇਜ ਭਾਨ ਜੀ ਅਤੇ ਮਾਤਾ ਲਖਸ਼ਮੀ ਜੀ ਸਨ। ਉਨ੍ਹਾਂ ਦਾ ਵਿਆਹ ੨੪ ਵਰ੍ਹੇ ਦੀ ਉਮਰ ਅਤੇ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ ਅਤੇ ਉਨ੍ਹਾਂ ਦੇ ਗ੍ਰਹਿ ਦੋ ਬੇਟੇ, ਮੋਹਨ ਅਤੇ ਮੋਹਰੀ, ਅਤੇ ਦੋ ਬੇਟੀਆਂ, ਬੀਬੀ ਦਾਨੀ ਅਤੇ ਬੀਬੀ ਭਾਨੀ, ਨੇ ਜਨਮ ਲਿਆ। ਗੁਰੂ ਅਮਰਦਾਸ ਜੀ ਬਾਰੇ ਪਹਿਲਾ ਬਿਰਤਾਂਤ ਪਿਛਲੇ ਕਾਂਡ ਵਿੱਚ ਦਿਤਾ ਹੈ।

## ਦਾਤੂ ਦਾ ਵੈਰ-ਭਾਵ :

ਗੁਰੂ ਅੰਗਦ ਦੇਵ ਜੀ ਦੇ ਬੇਟੇ ਪਰੇਸ਼ਾਨ ਸਨ ਕਿਉਂਕਿ ਉਹ ਸਮਝਦੇ ਸਨ ਕਿ ਪਿਤਾ ਤੋਂ ਪਿਛੋਂ ਗੁਰਗੱਦੀ ਦੇ ਅਸਲੀ ਹੱਕਦਾਰ ਉਹ ਹਨ। ਸੋ ਗੁਰੂ ਅੰਗਦ ਦੇਵ ਜੀ ਦੇ ਬੇਟੇ ਦਾਤੂ ਨੇ ਖਡੂਰ ਵਿੱਚ ਆਪ ਗੁਰੂ ਹੋਣ ਦਾ ਐਲਾਨ ਕਰ ਦਿਤਾ, ਪਰ ਸਿਖਾਂ ਨੇ ਇਹ ਪ੍ਰਵਾਨ ਨਾ ਕੀਤਾ। ਦੂਜਾ, ਗੁਰੂ ਅਮਰਦਾਸ ਜੀ ਦਾ ਸਖਤ ਹੁਕਮ ਸੀ ਕਿ ਲੰਗਰ ਵਿੱਚ ਸਭ ਲੋਕ, ਉਚੇ ਜਾਂ ਨੀਵੇਂ, ਅਮੀਰ ਜਾਂ ਗਰੀਬ, ਰਾਜਾ ਜਾਂ ਸਾਧਾਰਨ ਮਨੁਖ, ਬ੍ਰਾਹਮਣ ਜਾਂ ਸ਼ੂਦਰ ਰਲਕੇ ਇੱਕ ਪੰਗਤ ਵਿੱਚ ਬੈਠਕੇ ਬਰਾਬਰ ਇਕੋ ਹੀ ਭੋਜਨ ਖਾਣਗੇ। ਇਸਨੇ ਬ੍ਰਾਹਮਣਾਂ ਨੂੰ ਬੜਾ ਪਰੇਸ਼ਾਨ ਕਰ ਦਿਤਾ ਅਤੇ ਉਹ ਕੋਈ ਮੌਕਾ ਉਡੀਕਦੇ ਸਨ ਕਿ ਇਹ ਰੀਤ ਬੰਦ ਹੋ ਜਾਵੇ। ਇਹਨਾਂ ਬ੍ਰਾਹਮਣਾਂ ਅਤੇ ਹੋਰ ਉੱਚੀ ਜਾਤ ਦੇ ਲੋਕਾਂ ਨੇ ਦਾਤੂ ਦੇ ਗੁਰਗੱਦੀ ਲੈਣ ਦੇ ਵਿਦਰੋਹ ਵਿਚੋਂ ਕੁਝ ਮੌਕਾ ਵੇਖਿਆ। ਇਹਨਾਂ ਦੀ ਹਿਮਾਇਤ ਕਰਕੇ ਦਾਤੂ ਗੋਇੰਦਵਾਲ ਗਿਆ ਜਿਥੇ ਗੁਰੂ ਅਮਰਦਾਸ ਜੀ ਨਿਵਾਸ ਰਖਦੇ ਸਨ।

ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬੈਠੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ। ਦਾਤੂ ਆਪਣੇ ਬਹੁਤ ਸਾਰੇ ਸਾਥੀਆਂ ਨਾਲ ਆਇਆ ਅਤੇ ਗੁਰੂ ਜੀ ਨੂੰ ਲੱਤ ਮਾਰ ਦਿੱਤੀ। ਗੁਰੂ ਜੀ ਗੱਦੀ ਤੋਂ ਹੇਠਾਂ ਡਿਗ ਪਏ। ਦਾਤੂ ਝੱਟ ਗੱਦੀ ਤੇ ਬੈਠ ਗਿਆ ਅਤੇ ਆਪਣੇ ਆਪ ਨੂੰ ਗੁਰੂ ਹੋਣ ਦਾ ਸੁਣਾ ਦਿਤਾ। ਗੁਰੂ ਅਮਰਦਾਸ ਜੀ ਉਠੇ ਅਤੇ ਅਤਿ ਨਿਮ੍ਰਤਾ ਨਾਲ ਦਾਤੂ ਨੂੰ ਕਿਹਾ, "ਸ੍ਰੀ ਜੀਉ, ਮੈਨੂੰ ਖਿਮਾਂ ਕਰ ਦਿਉ, ਮੇਰੀਆਂ ਸਖਤ ਹੱਡੀਆਂ ਤੋਂ ਆਪ ਜੀ ਦੇ ਨਰਮ ਚਰਨਾਂ ਨੂੰ ਚੋਟ ਪਹੁੰਚੀ ਹੋਵੇਗੀ।" ਉਸ ਪਿਛੋਂ ਗੁਰੂ ਜੀ ਗੋਇੰਦਵਾਲ ਛੱਡਕੇ ਆਪਣੇ ਪਿੰਡ ਬਾਸਰਕੇ ਚਲੇ ਗਏ। ਉਨ੍ਹਾਂ ਨੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਲਿਆ ਬਿਨਾਂ ਕਿਸੇ ਨੂੰ ਪਤਾ ਦਿਤੇ ਕਿ ਉਹ ਕਿਥੇ ਹਨ।

ਦਾਤੂ ਗੁਰਗੱਦੀ ਤੇ ਗੋਇੰਦਵਾਲ ਬੈਠਾ ਆਪਣੀ ਹਸਤੀ ਦਾ ਬਹੁਤ ਹੰਕਾਰ ਕਰ ਰਿਹਾ ਸੀ। ਪਰ ਸਿਖਾਂ ਨੇ ਉਸਨੂੰ ਗੁਰੂ ਨ ਮੰਨਿਆ ਅਤੇ ਸਾਰੇ ਦੇ ਸਾਰੇ ਯਾਤਰੀ ਜੋ ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ ਗੁਰੂ ਜੀ ਦਾ ਅਪਮਾਨ ਹੋਇਆ ਸੁਣਕੇ ਚਲੇ ਗਏ। ਸਿਖਾਂ ਦੀ ਉਸਦੇ ਲਈ ਘਿਰਣਾ ਵੇਖਕੇ ਦਾਤੂ ਇੱਕ ਦਿਨ ਇਸ ਤਰ੍ਹਾਂ ਮਿਲਿਆ ਸਾਰਾ ਧਨ, ਸਾਮਾਨ ਇੱਕ ਊਠ ਤੇ ਲੱਦਕੇ ਖਡੂਰ ਲੈ ਗਿਆ। ਰਾਹ ਵਿੱਚ ਦਾਤੂ ਨੂੰ ਡਾਕੂ ਮਿਲੇ ਜਿਹਨਾਂ ਨੇ ਊਠ ਅਤੇ ਸਾਰਾ ਧਨ, ਜਾਇਦਾਦ ਲੁੱਟ ਲਿਆ ਅਤੇ ਇੱਕ ਡਾਕੂ ਨੇ ਦਾਤੂ ਦੇ ਉਸੇ ਪੈਰ ਤੇ ਕਾਰੀ ਸੱਟ ਮਾਰੀ ਜਿਸ ਪੈਰ ਨਾਲ ਉਸਨੇ ਗੁਰੂ ਅਮਰਦਾਸ ਜੀ ਨੂੰ ਮਾਰਿਆ ਸੀ। ਉਸਦਾ ਪੈਰ ਬੜਾ ਸੁੱਜ ਗਿਆ ਅਤੇ ਬਹੁਤ ਹੀ ਪੀੜ੍ਹ ਕਰਨ ਲੱਗ ਪਿਆ।

ਸਿੱਖ ਗੁਰੂ ਜੀ ਤੋਂ ਵਿਛੜਕੇ ਬੜੇ ਹੀ ਦੁਖੀ ਸਨ ਉਹਨਾਂ ਨੇ ਸਾਰੇ ਪਾਸੇ ਭਾਲ ਕੀਤੀ ਪਰ ਕਿਤੇ ਵੀ ਲੱਭ ਨ ਸਕੇ। ਭਾਈ ਬੁੱਢਾ ਜੀ ਦੀ ਅਗਵਾਈ ਹੇਠ ਉਹਨਾਂ ਨੇ ਅਰਦਾਸਾਂ ਕੀਤੀਆਂ ਅਤੇ ਗੁਰੂ ਜੀ ਦੀ ਘੋੜੀ [1] ਖੁੱਲਾ ਛੱਡ ਕੇ ਜਿਸ ਪਾਸੇ ਉਹ ਤੁਰੀ, ਸਿੱਖ ਵਿਆਕੁਲ ਹੋਏ ਹੋਏ ਕੁਝ ਦੂਰ ਤਕ ਉਸਦੇ ਪਿਛੇ ਪਿਛੇ ਚਲ ਪਏ। ਘੋੜੀ ਨੇ ਬਾਸਰਕਾ ਵਿੱਚ ਗੁਰੂ ਜੀ ਵਾਲੇ ਘਰ ਦਾ ਰਾਹ ਫੜਿਆ ਅਤੇ ਉਸ ਕਮਰੇ ਦੇ ਬੂਹੇ ਅੱਗੇ ਜਾ ਖੜੋਤੀ।ਬੂਹੇ ਦੇ ਬਾਹਰ ਲਿਖਿਆ ਹੋਇਆ ਸੀ, "ਜਿਹੜਾ ਵੀ ਇਸ ਬੂਹੇ ਨੂੰ ਖੋਲ੍ਹੇਗਾ ਉਹ ਮੇਰਾ ਸਿੱਖ ਨਹੀਂ ਅਤੇ ਨਾ ਮੈਂ ਉਸਦਾ ਗੁਰੂ ਹਾਂ।" ਸਿਖਾਂ ਨੇ ਬੂਹਾ ਨਹੀਂ ਖੋਲ੍ਹਿਆ, ਪਰ ਕੰਧ ਵਿੱਚ ਇੱਕ ਮੱਘੋਰਾ ਕਰਕੇ ਗੁਰੂ ਜੀ ਕੋਲ ਜਾ ਅਰਜੋਈ ਕੀਤੀ। ਗੁਰੂ ਜੀ ਨੇ ਸਿਖਾਂ ਦੇ ਪ੍ਰੇਮ ਅਤੇ ਸ਼ਰਧਾ ਨੂੰ ਅਨਗੋਲਿਆ ਨ ਕੀਤਾ ਅਤੇ ਗੋਇੰਦਵਾਲ ਮੁੜ ਆਏ। ਗੁਰੂ ਜੀ ਦੇ ਆਉਣ ਤੇ ਦੀਪਮਾਲਾ, ਖੁਸ਼ੀਆਂ ਅਤੇ ਲੰਗਰ ਕੀਤੇ ਗਏ।

## ਕੁਝ ਉੱਘੇ ਸਿੱਖ :

ਭਾਈ ਪਾਰੋ ਦੁਆਬੇ (ਦਰਿਆ ਰਾਵੀ ਅਤੇ ਬਿਆਸ ਵਿਚਲਾ ਇਲਾਕਾ) ਦੇ ਪਿੰਡ ਡੱਲਾ ਦਾ ਰਹਿਣ ਵਾਲਾ ਸੀ। ਉਹ ਗੁਰੂ ਜੀ ਦਾ ਸਿੱਖ ਸੀ ਅਤੇ ਆਪਣੀ ਮੁਕਤੀ ਲਈ ਗੁਰੂ ਜੀ ਤੋਂ ਉਪਦੇਸ਼ ਗ੍ਰਹਿਣ ਕਰਦਾ ਸੀ। ਦਿੱਲੀ ਦਾ ਅੱਲਾਯਾਰ ਨਾਮ ਦਾ ਇੱਕ ਮੁਸਲਮਾਨ ਘੋੜਿਆਂ ਦਾ ਵਾਪਾਰੀ ਅਰਬ ਤੋਂ ਪੰਜ ਸੌ ਘੋੜੇ ਲਿਆਇਆ ਬਿਆਸ ਪੁੱਜਾ। ਅਗੋਂ ਉਹ ਆਪਣਾ ਸਫਰ ਜਾਰੀ ਨ ਰਖ ਸਕਿਆ ਕਿਉਂਕਿ ਬਿਆਸ ਦਰਿਆ ਵਿੱਚ ਬੜਾ ਹੜ ਆਇਆ ਹੋਇਆ ਸੀ ਅਤੇ ਬੇੜੀ ਵਾਲੇ ਨੇ ਪਾਰ ਲਿਜਾਣ ਤੋਂ ਨਾਂਹ ਕਰ ਦਿਤੀ ਸੀ, ਹੜ੍ਹ ਦੇ ਖਤਰੇ ਕਾਰਨ। ਅਗਲੀ ਸਵੇਰ ਅੱਲਾਯਾਰ ਨੇ ਵੇਖਿਆ ਕਿ ਭਾਈ ਪਾਰੋ ਘੋੜੇ ਤੇ ਸਵਾਰ ਝੱਗੋ ਝੱਗ ਹੋਏ ਉਛਲਦੇ ਦਰਿਆ ਵਿੱਚ ਕੁੱਦ ਗਿਆ ਅਤੇ ਸਹੀ ਸਲਾਮਤ ਪਾਰ ਕਰਕੇ ਪਰਲੇ ਕੰਢੇ ਤੇ ਪਹੁੰਚ ਗਿਆ। ਅਲਾਯਾਰ ਨੇ ਸੰਧਿਆ ਸਮੇਂ ਵਾਪਸ ਆਏ ਭਾਈ ਪਾਰੋ ਨੂੰ ਮਿਲਕੇ ਉਸਦੀ ਬਹਾਦਰੀ ਦੀ ਸ਼ਲਾਘਾ ਕੀਤੀ। ਭਾਈ ਪਾਰੋ ਨੇ ਦੱਸਿਆ ਕਿ ਇਹ ਗੁਰੂ ਜੀ ਦੀ ਬਖਸ਼ਿਸ਼ ਸੀ ਕਿ ਉਹ ਹੜ ਆਏ ਦਰਿਆ ਨੂੰ ਪਾਰ ਕਰ ਸਕਿਆ। ਉਸਨੇ ਅੱਲਾਯਾਰ ਨੂੰ ਗੁਰੂ ਜੀ ਦੀ ਵਡਿਆਈ ਬਾਰੇ ਵੀ ਦੱਸਿਆ। ਅੱਲਾਯਾਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਤਸੁਕ ਹੋ ਗਿਆ। ਅਗਲੇ ਦਿਨ ਉਹ ਦੋਵੇਂ ਗੁਰੂ ਜੀ ਦੇ ਦਰਸ਼ਨ ਕਰਨ ਗਏ।

ਅੱਲਾਯਾਰ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋ ਗਿਆ। ਉਸਦਾ ਨਾਮ ਸੁਣਕੇ ਗੁਰੂ ਜੀ ਨੇ ਕਿਹਾ, "ਅੱਲਾ (ਅਕਾਲ ਪੁਰਖ) ਦਾ ਯਾਰ (ਮਿਤ੍ਰ) ਬਨਣਾ ਕਠਨ ਹੈ ਪਰ ਅਸੀਂ ਅਕਾਲ ਪੁਰਖ ਨੂੰ ਤੁਹਾਡਾ ਸਾਂਈਂ ਅਤੇ ਤੁਹਾਨੂੰ ਉਸਦੇ ਚਾਕਰ ਬਣਾ ਦਿਆਂਗੇ।" ਗੁਰੂ ਜੀ ਨੇ ਅੱਲਾਯਾਰ 'ਤੇ ਬਖਸ਼ਿਸ਼ ਕੀਤੀ ਅਤੇ ਉਹ ਗੁਰੂ ਜੀ ਦਾ ਸਿੱਖ ਬਣ ਗਿਆ। ਅੱਲਾਯਾਰ ਨੂੰ ਗੁਰੂ ਜੀ ਨੇ ਪਹਿਲੀ ਮੰਜੀ ਸੌਂਪ ਦਿੱਤੀ, ਉਨ੍ਹਾਂ ੨੨ ਮੰਜੀਆਂ (ਪ੍ਰਚਾਰ ਖੇਤਰਾਂ) ਵਿਚੋਂ ਜੋ ਗੁਰੂ ਅਮਰਦਾਸ ਜੀ ਨੇ ਨਾਮ ਦੀ ਮਹਿਮਾ ਦਾ ਪ੍ਰਸਾਰ ਕਾਰਨ ਵਾਸਤੇ ਸਥਾਪਤ ਕੀਤੀਆਂ ਸਨ। ਸਿਖਾਂ ਸਬੰਧੀ ਇਹੋ ਜੇਹੀਆਂ ਹੋਰ ਵੀ ਵਾਰਤਾਵਾਂ ਹਨ ਜਿਨ੍ਹਾਂ ਉਤੇ ਗੁਰੂ ਜੀ ਦੀ ਮਿਹਰ ਹੋਈ।

## ਗੋਇੰਦਵਾਲ ਵਿੱਚ ਬਾਉਲੀ :

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿੱਚ ਕੁਝ ਜ਼ਮੀਨ ਮੁੱਲ ਲੈਕੇ ਉਥੇ ਸੰਨ ੧੫੫੯ ਵਿੱਚ ਇੱਕ ਬਾਉਲੀ ਦੀ ਨੀਂਹ ਰੱਖੀ। ਸਾਰੇ ਸਿੱਖ ਬਾਉਲੀ ਦੀ ਖੋਦਾਈ ਦੀ ਸੇਵਾ ਵਿੱਚ ਜੁਟ ਗਏ। ਬਾਉਲੀ ਦੇ ਬਨਾਉਣ ਵਿੱਚ ਸਾਰਾ ਸਮਾਂ ਬੜੇ ਜ਼ੋਰਾਂ ਤੇ ਕੰਮ ਹੁੰਦਾ ਰਿਹਾ।

ਲਾਹੌਰ ਸ਼ਹਿਰ ਦੇ ਉਪ ਨਗਰ ਚੂਨਾਮੰਡੀ ਵਿੱਚ ਸੋਢੀ ਭਾਈਚਾਰੇ ਦਾ ਇੱਕ ਵਾਪਾਰੀ ਹਰੀਦਾਸ ਨਾਮ ਦਾ, ਆਪਣੀ ਪਤਨੀ ਦਇਆ ਦੌਰ ਨਾਲ ਰਹਿੰਦਾ ਸੀ। ਪਤੀ ਪਤਨੀ ਦੋਵੇਂ ਹੀ ਧਾਰਮਕ ਸੁਭਾ ਦੇ ਸਨ। ਵਿਆਹ ਤੋਂ ੧੨ ਵਰ੍ਹੇ ਪਿਛੋਂ ਉਨ੍ਹਾਂ ਦਾ ਇੱਕ ਪੁਤ੍ਰ ੨੪ ਸਤੰਬਰ ੧੫੩੪ ਨੂੰ ਜਨਮਿਆ। ਉਸਦਾ ਨਾਮ ਮਾਤਾ-ਪਿਤਾ ਨੇ ਰਾਮਦਾਸ ਰੱਖਿਆ ਪਰ ਪ੍ਰਵਾਰ ਦਾ ਪਹਿਲਾ ਬੱਚਾ ਹੋਣ ਕਰਕੇ ਉਸਨੂੰ ਲੋਕ ਜੇਠਾ ਕਹਿਕੇ ਜਾਣਦੇ ਸਨ। ਜੇਠਾ ਬੜਾ ਹੀ ਸੁੰਦਰ ਅਤੇ ਸੁਨੱਖੇ ਰੂਪ-ਰੰਗ ਅਤੇ ਮਨਮੋਹਣੀ ਸ਼ਖਸੀਅਤ ਵਾਲਾ ਸੀ। ਜਿਉਂ ਹੀ ਉਹ ਵੱਡਾ ਹੋਇਆ ਉਹ ਧਰਮਾਤਮਾ ਲੋਕਾਂ ਦੀ ਸੰਗਤ ਪਸੰਦ ਕਰਨ ਲੱਗਾ। ਇੱਕ ਦਿਨ ਉਸਦੀ ਮਾਤਾ ਨੇ ਕੁਝ ਦਾਲ ਉਬਾਲੀ ਅਤੇ ਇੱਕ ਟੋਕਰੀ ਵਿੱਚ ਪਾਕੇ ਉਸਨੂੰ ਦਿਤੀ ਕਿ ਜਾਕੇ ਵੇਚ ਆਵੇ ਜਿਸ ਵਿਚੋਂ ਕੁਝ ਨਫਾ ਹੋ ਜਾਵੇ। ਜੇਠਾ ਰਾਵੀ ਦਰਿਆ ਕੰਢੇ ਗਿਆ। ਥੋੜੇ ਕੁ ਚਿਰ ਵਿੱਚ ਉਸਨੇ ਇੱਕ ਮਹਾਤਮਾ ਪੁਰਸ਼ਾਂ ਦੀ ਟੋਲੀ ਵੇਖੀ ਅਤੇ ਸਾਰੀ ਦਾਲ ਉਹਨਾਂ ਨੂੰ ਦੇ ਦਿਤੀ ਅਤੇ ਘਰ ਆ ਗਿਆ। ਉਹਨਾਂ ਪੁਰਸ਼ਾਂ ਨੇ ਬੜੇ ਖੁਸ਼ ਹੋਕੇ ਜੇਠੇ ਵਾਸਤੇ ਅਸੀਸਾਂ ਦਿਤੀਆਂ ਅਤੇ ਅਰਦਾਸਾਂ ਕੀਤੀਆਂ।

ਇੱਕ ਦਿਨ ਜੇਠੇ ਨੇ ਸਿਖਾਂ ਦੀ ਇੱਕ ਟੋਲੀ ਸ਼ਬਦ ਗਾਉਂਦੀ ਅਤੇ ਖੁਸ਼ੀਆਂ ਮਨਾਉਂਦੀ ਜਾਂਦੀ ਵੇਖੀ। ਉਸਨੇ ਪੁਛਿਆ ਕਿ ਉਹ ਕਿਥੇ ਜਾ ਰਹੇ ਸਨ। ਇੱਕ ਨੇ ਉਤ੍ਰ ਦਿੱਤਾ, "ਅਸੀ ਗੋਇੰਦਵਾਲ ਜਾ ਰਹੇ ਹਾਂ ਗੁਰੂ ਅਮਰਦਾਸ ਜੀ ਦੇ ਦਰਬਾਰ। ਗੁਰੂ ਜੀ ਦੀ ਬਖਸ਼ਿਸ਼ ਨਾਲ ਇਸ ਜੀਵਨ ਦੇ ਅਤੇ ਅਗਲੇ ਜੀਵਨ ਦੇ ਵੀ ਸੁਖ ਮਿਲਦੇ ਹਨ। ਆ ਜਾਉ ਸਾਡੇ ਨਾਲ।" ਇਹ ਸੁਣਕੇ ਜੇਠਾ ਬੜਾ ਸਖੁਸ਼ ਹੋਇਆ ਅਤੇ ਉਹਨਾਂ ਨਾਲ ਯਾਤਰਾ ਲਈ ਰਲ ਗਿਆ।

ਗੁਰੂ ਜੀ ਦੇ ਦਰਸ਼ਨ ਕਰਕੇ ਜੇਠੇ ਦਾ ਹਿਰਦਾ ਪ੍ਰੇਮ ਅਤੇ ਸ਼ਰਧਾ ਨਾਲ ਭਰ ਗਿਆ। ਜਦ ਉਸਨੇ ਗੁਰੂ ਜੀ ਅੱਗੇ ਮੱਥਾ ਟੇਕਿਆ ਤਾਂ ਗੁਰੂ ਜੀ ਦੀ ਅਨੰਦਦਾਇਕ ਹਸਤੀ ਨੇ ਉਸ ਨੂੰ ਖਿਚ ਪਾਈ। ਗੁਰੂ ਜੀ ਨੇ ਬਚਨ ਕੀਤਾ, "ਜੇ ਤੂੰ ਸਾਰੀਆਂ ਸੰਸਾਰਕ ਕਾਮਨਾਵਾਂ ਤਿਆਗਕੇ ਆਇਆ ਹੈ ਤਾਂ ਤੈਨੂੰ ਇੱਕ ਸੱਚਾ ਰਾਜ ਮਿਲੇਗਾ। ਕੰਮ ਕਰੋ ਤੇ ਸੇਵਾ ਕਰੋ।" ਜੇਠਾ ਖੁਸ਼ੀ ਖੁਸ਼ੀ ਗੁਰੂ ਜੀ ਦੀ ਸੇਵਾ ਵਿੱਚ ਲਗ ਗਿਆ। ਉਹ ਲੰਗਰ ਵਿੱਚ ਸੇਵਾ

ਕਰਦਾ, ਭਾਂਡੇ ਮਾਂਜਦਾ, ਗੁਰੂ ਜੀ ਦੇ ਸਰੀਰ ਤੇ ਮਾਲਸ਼ ਕਰਦਾ ਅਤੇ ਜੰਗਲ ਤੋਂ ਲੰਗਰ ਵਾਸਤੇ ਲੱਕੜਾਂ ਲਿਆਉਂਦਾ। ਵੇਹਲੇ ਸਮੇਂ ਉਹ ਬਾਉਲੀ ਦੀ ਖੋਦਾਈ ਵਿੱਚ ਵੀ ਭਾਗ ਲੈਂਦਾ।

ਗੁਰੂ ਜੀ ਦੀ ਵੱਡੀ ਸਪੁਤ੍ਰੀ, ਬੀਬੀ ਦਾਨੀ (ਜਿਸਨੂੰ ਸੁਲੱਖਣੀ ਨਾਮ ਨਾਲ ਵੀ ਸੱਦਦੇ ਸੀ) ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ ਹੋਇਆ ਸੀ। ਦੂਜੀ ਸਪੁਤ੍ਰੀ, ਬੀਬੀ ਭਾਨੀ ਬਚਪਨ ਤੋਂ ਹੀ ਬੜੇ ਧਰਮੀ ਸੁਭਾ ਦੀ ਸੀ। ਜਦ ਬੀਬੀ ਭਾਨੀ ਦੀ ਉਮਰ ਵਿਆਹੁਣ ਯੋਗ ਹੋ ਗਈ ਤਾਂ ਮਾਤਾ ਜੀ ਨੇ ਗੁਰੂ ਜੀ ਨੂੰ ਯਾਦ ਕਰਾਇਆ ਕਿ ਹੁਣ ਬੀਬੀ ਲਈ ਵਰ ਲੱਭਣਾ ਚਾਹੀਦਾ ਹੈ। ਗੁਰੂ ਜੀ ਨੇ ਲਾਗੀ ਨੂੰ ਯੋਗ ਵਰ ਢੂੰਡਣ ਵਾਸਤੇ ਕਿਹਾ ਜਦ ਲਾਗੀ ਤੁਰਨ ਲੱਗਾ ਤਾਂ ਮਾਤਾ ਜੀ ਨੇ ਬਾਹਰ ਇੱਕ ਜਵਾਨ ਖੜਾ ਵੇਖਿਆ ਤਾਂ ਲਾਗੀ ਨੂੰ ਕਹਿਣ ਲੱਗੇ ਕਿ "ਇਹੋ ਜੇਹਾ ਲੜਕਾ ਹੋਵੇ।" ਗੁਰੂ ਜੀ ਨੇ ਸੁਣ ਲਿਆ ਅਤੇ ਬਚਨ ਕੀਤਾ, "ਇਹੋ ਜਿਹਾ ਲੜਕਾ ਤਾਂ ਇਹੋ ਹੈ, ਹੋਰ ਕੋਈ ਨਹੀਂ।" ਸੋ ਇਸ ਤਰ੍ਹਾਂ ਇਸ ਨੌਜਵਾਨ ਦੀ ਚੋਣ ਹੋ ਗਈ; ਇਹ ਸੀ ਭਾਈ ਜੇਠਾ (ਰਾਮਦਾਸ)।

ਵਿਆਹ ਸਮੇਂ ਗੁਰੂ ਜੀ ਨੇ ਲਾੜੇ ਨੂੰ ਪੁੱਛਿਆ ਕਿ ਜਿਵੇਂ ਰਿਵਾਜ ਹੈ ਅਸਾਂ ਤੁਹਾਨੂੰ ਕੋਈ ਸੁਗਾਤ ਦੇਣੀ ਹੈ, ਦੱਸੋ ਕੀ ਪਸੰਦ ਹੈ? ਜੇਠਾ ਜੀ ਨੇ ਉਤ੍ਰ ਦਿੱਤਾ, "ਪਾਤਸ਼ਾਹ, ਮੈਨੂੰ ਹਰਿ ਨਾਮ ਦੀ ਦਾਤ ਬਖਸ਼ਿਸ਼ ਕਰੋ।" ਬੀਬੀ ਭਾਨੀ ਗੁਰੂ ਜੀ ਨੂੰ ਨਾ ਕੇਵਲ ਆਪਣਾ ਪਿਤਾ ਸਮਝਦੀ ਸੀ, ਸਗੋਂ ਆਪਣਾ ਗੁਰੂ ਵੀ। ਇਸੇ ਤਰ੍ਹਾਂ ਉਹ ਭਾਈ ਜੇਠਾ ਦੀ ਸੇਵਾ ਨਾ ਕੇਵਲ ਆਪਣਾ ਪਤੀ ਜਾਣਕੇ ਕਰਦੀ ਸਗੋਂ ਇੱਕ ਸੰਤ ਮੰਨਕੇ ਵੀ। ਪ੍ਰਿਥੀ ਚੰਦ ਇਹਨਾਂ ਦਾ ਪਹਿਲਾ ਪੁੱਤਰ ਸੀ ਅਤੇ ਉਸ ਤੋਂ ਤਿੰਨ ਵਰ੍ਹੇ ਪਿਛੋਂ ਦੂਜੇ ਪੁਤ੍ਰ ਮਹਾਂਦੇਵ ਨੇ ਜਨਮ ਲਿਆ। ਅਪ੍ਰੈਲ ਦੀ ੧੫ ਸੰਨ ੧੫੬੩ ਨੂੰ ਭਾਈ ਜੇਠਾ ਜੀ ਅਤੇ ਬੀਬੀ ਭਾਨੀ ਨੂੰ ਤੀਜੇ ਪੁਤ੍ਰ, ਅਰਜਨ ਦੇਵ ਦੀ ਦਾਤ ਮਿਲੀ ਜਿਸਦੇ ਜਨਮ ਤੇ ਆਸਾਧਾਰਨ ਖੁਸ਼ੀਆਂ ਕੀਤੀਆਂ ਗਈਆਂ।

ਇਸ ਸਮੇਂ ਬਾਉਲੀ ਦੀ ਖੋਦਾਈ ਲੱਗੀ ਹੋਈ ਸੀ। ਬਹੁਤ ਡੂੰਘਾ ਖੋਦਣ ਪਿਛੋਂ ਸਿਖਾਂ ਨੇ ਵੇਖਿਆ ਕਿ ਵੱਡੇ ਵੱਡੇ ਪੱਥਰ ਆ ਗਏ ਹਨ ਜਿਸ ਕਾਰਨ ਅੱਗੋਂ ਖੋਦਾਈ ਦਾ ਕੰਮ ਨਹੀਂ ਹੋ ਸਕਦਾ ਸੀ। ਗੁਰੂ ਜੀ ਨੇ ਸਿਖਾਂ ਨੂੰ ਪੁਛਿਆ ਕਿ ਕੋਈ ਹੈ ਜੋ ਦਲੇਰੀ ਨਾਲ ਇਹਨਾਂ ਪਥਰਾਂ ਹੇਠ ਕਿੱਲਾ ਠੋਕ ਦੇਵੇ ਜਿਸ ਨਾਲ ਰੁਕਾਵਟ ਹਟ ਜਾਵੇਗੀ। ਨਾਲ ਹੀ ਗੁਰੂ ਜੀ ਨੇ ਸਾਵਧਾਨ ਵੀ ਕਰ ਦਿਤਾ ਕਿ ਇਸ ਕੰਮ ਵਿੱਚ ਬੜਾ ਖਤਰਾ ਹੈ ਕਿ ਜੇ ਉਹ ਇਸਤੋਂ ਨਿਕਲੇ ਪਾਣੀ ਦੇ ਜੋਰਦਾਰ ਵੇਗ ਤੋਂ ਪਰ੍ਹਾਂ ਨਾ ਹੋ ਸਕਿਆ ਤਾਂ ਡੁੱਬ ਸਕਦਾ ਹੈ। ਸਾਰੇ ਸਿੱਖ ਚੁੱਪ ਹੋ ਗਏ ਅਤੇ ਕੋਈ ਵੀ ਅਜੇਹੇ ਖਤਰੇ ਵਿੱਚ ਪੈਣ ਲਈ ਅੱਗੇ ਨਾ ਆਇਆ। ਅਖੀਰ ਵੈਰੋਵਾਲ ਦਾ ਮਾਨਕਚੰਦ, ਜਿਸ ਨਾਲ ਗੁਰੂ ਜੀ ਦੀ ਭਤੀਜੀ ਵਿਆਹੀ ਹੋਈ ਸੀ, ਨੇ ਆਪਣੀ ਸੇਵਾ ਹਾਜ਼ਰ ਕੀਤੀ। ਇਹ ਉਹੀ ਮਾਨਕ ਚੰਦ ਸੀ ਜਿਸ ਦੇ ਮਾਤਾ ਪਿਤਾ ਨੂੰ ਗੁਰੂ ਜੀ ਨੇ ਪੁਤਰ (ਇਸੇ ਮਾਨਕ ਚੰਦ) ਵਾਸਤੇ ਅਸੀਸ ਬਖਸ਼ੀ ਸੀ।

ਬਾਉਲੀ ਜਦ ਤਿਆਰ ਹੋ ਗਈ ਉਸਦਾ ਪਾਣੀ ਮਿੱਠਾ ਸੀ। ਸਿਖਾਂ ਆਪਣੀ ਸੇਵਾ ਦੀ ਸਫਲਤਾ ਤੇ ਖੁਸ਼ੀਆਂ ਮਨਾਈਆਂ। ਬਾਉਲੀ ਦੀਆਂ ਤੋੜ ਹੇਠਾਂ ਤਕ ਜਾਣ ਵਾਸਤੇ ੮੪ ਪਾਉੜੀਆਂ ਸਨ। ਇਹ ਮੰਨਿਆ ਜਾਂਦਾ ਹੈ ਕਿ ਜੋ ਕੋਈ ਵੀ ਇੱਕ ਇੱਕ ਪੌੜੀ ਤੇ ਬੈਠਕੇ ਜਪੁ ਜੀ ਦਾ ਇੱਕ ਚਿਤ ਅਤੇ ਸਤਿਕਾਰ ਭਾਵ ਨਾਲ ਪਾਠ ਕਰੇਗਾ ਉਹ ਜਨਮਾਂ ਦੇ ਗੇੜ ਵਿੱਚ ਨਹੀਂ ਆਵੇਗਾ।

## ਗੁਰੂ ਦਾ ਲੰਗਰ :

ਗੁਰੂ ਦਾ ਲੰਗਰ ਜੋ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤਾ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਵਧਾਇਆ ਸੀ, ਗੁਰੂ ਅਮਰਦਾਸ ਜੀ ਨੇ ਇਸ ਮਰਿਆਦਾ ਨੂੰ ਹੋਰ ਪੱਕਾ ਕਰ ਦਿਤਾ। ਗੁਰੂ ਜੀ ਦਾ ਹੁਕਮ ਸੀ ਕਿ ਉਨ੍ਹਾਂ ਦੇ ਦਰਸ਼ਨ ਕਰਨੇ ਹੋਣ ਤਾਂ ਪਹਿਲਾਂ ਲੰਗਰ ਵਿੱਚ ਬੈਠਕੇ ਭੋਜਨ ਛਕਣਾ ਜ਼ਰੂਰੀ ਹੈ। ਗੁਰੂ ਜੀ ਜਾਤਪਾਤ ਦੀਆਂ ਮਨਾਹੀਆਂ ਅਤੇ ਛੂਤ ਛਾਤ ਦੇ ਭਰਮ ਤੋੜਣਾ ਚਾਹੁੰਦੇ ਸੀ। ਸੋ, ਬਿਨਾਂ ਕਿਸੇ ਸੰਦੇਹ ਵਿੱਚ ਘੋਸ਼ਣਾ ਕੀਤੀ ਗਈ ਕਿ ਸਭ ਜਾਤਾਂ ਦੇ ਲੋਕ, ਉਚ ਨੀਚ, ਜਾਂ ਅਮੀਰ ਗਰੀਬ, ਬ੍ਰਾਹਮਣ ਜਾਂ ਸ਼ੂਦਰ, ਹਿੰਦੂ ਜਾਂ ਮੁਸਲਮਾਨ ਇਕੋ ਪੰਗਤ ਵਿੱਚ ਬੈਠਕੇ ਗੁਰੂ ਕੇ ਲੰਗਰ ਵਿੱਚ ਤਿਆਰ ਹੋਇਆ ਇਕੋ ਹੀ ਭੋਜਨ ਛਕਣਗੇ। ਜਦ ਹਰੀਪੁਰ ਦਾ ਰਾਜਾ, ਜਾਂ ਹਿੰਦ ਦਾ ਮੁਗਲ ਬਾਦਸ਼ਾਹ, ਅਕਬਰ, ਵੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਉਸਨੂੰ ਸਾਧਾਰਨ ਲੋਕਾਂ ਨਾਲ ਬੈਠਕੇ ਉਨ੍ਹਾਂ ਦੇ ਨਾਲ ਹੀ ਭੋਜਨ ਛਕਣਾ ਪਿਆ ਅਤੇ ਉਸਤੋਂ ਪਿਛੋਂ ਹੀ ਗੁਰੂ ਜੀ ਦੇ ਦਰਸ਼ਨ ਕਰ ਸਕੇ। ਇਸ ਤਰ੍ਹਾਂ ਲੋਕ ਜਾਤ ਪਾਤ ਦੇ ਪਖੰਡ ਵਿਚੋਂ ਕੱਢੇ ਗਏ ਅਤੇ ਇੱਕ ਦੂਜੇ ਨੂੰ ਭਰਾ ਭਰਾ ਅਤੇ ਆਪਣੇ ਬਰਾਬਰ ਸਮਝਣ ਲਗ ਗਏ।

ਮਾਈ ਦਾਸ ਇੱਕ ਪ੍ਰਸਿਧ ਪੰਡਤ ਅਤੇ ਕ੍ਰਿਸ਼ਨ ਜੀ ਦਾ ਪੱਕਾ ਭਗਤ ਸੀ। ਉਹ ਪੱਕਾ ਵੈਸ਼ਨਵ ਵੀ ਸੀ ਅਤੇ ਕੇਵਲ ਆਪਣੇ ਹੱਥਾਂ ਨਾਲ ਇੱਕ ਪਵਿਤ੍ਰ ਚੌਂਕੇ ਵਿੱਚ ਪਕਾਇਆ ਭੋਜਨ ਹੀ ਖਾਂਦਾ ਸੀ।[2] ਗੁਰੂ ਜੀ ਨੇ ਇਨ੍ਹਾਂ ਪਵਿਤ੍ਰ ਚੌਕਿਆਂ ਨੂੰ ਅਪ੍ਰਵਾਨ ਕੀਤਾ ਹੈ:

"ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ।"

(ਮਾਰੂ ਕੀ ਵਾਰ, ਸਲੋਕ ਮਹੱਲਾ ੩, ਪੰਨਾ ੧੦੯੦)

ਜਦ ਉਹ ਗੁਰੂ ਜੀ ਦੇ ਦਰਸ਼ਨ ਕਰਨ ਆਇਆ, ਉਸਨੂੰ ਦੱਸਿਆ ਗਿਆ ਕਿ ਜਦ ਤਕ ਉਹ ਗੁਰੂ ਕੇ ਲੰਗਰ ਵਿੱਚ ਬੈਠਕੇ ਭੋਜਨ ਨਹੀਂ ਖਾਏਗਾ ਉਹ ਦਰਸ਼ਨ ਨਹੀਂ ਕਰ ਸਕੇਗਾ। ਕੱਟੜ ਵੈਸ਼ਨਵ ਹੋਣ ਕਰਕੇ ਉਹ ਇਸ ਤਰ੍ਹਾਂ ਭੋਜਨ ਨਹੀਂ ਕਰ ਸਕਦਾ ਸੀ, ਸੋ ਉਹ ਦਵਾਰਕਾ ਚਲਾ ਗਿਆ ਜਿਥੇ ਉਸਨੇ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਦਾ ਸੋਚਿਆ। ਚੰਦਰਮਾ ਦੇ ਮਹੀਨੇ ਦੇ ਯਾਰਵੇਂ ਦਿਨ ਮਾਈ ਦਾਸ ਵਰਤ ਰੱਖਦਾ ਸੀ ਅਤੇ ਕੇਵਲ ਫਲ ਹੀ ਖਾਂਦਾ ਸੀ। ਸਿਆਲ ਦੀ ਰੁਤ ਹੋਣ ਕਰਕੇ ਜੰਗਲ ਵਿੱਚ ਫਲ ਨਹੀਂ ਸੀ। ਮਾਈ ਦਾਸ ਭੁੱਖਾ ਭਾਣਾ ਜੰਗਲ ਵਿੱਚ ਫਿਰਦਾ ਰਿਹਾ ਪਰ ਕੋਈ ਫਲ ਨਾ ਲੱਭਾ। ਅਖੀਰ ਉਸਨੇ ਆਪਣੇ ਦੇਵਤਿਆਂ ਨੂੰ ਯਾਦ ਕਰਨਾ ਸ਼ੁਰੂ ਕੀਤਾ ਅਤੇ ਸਹਾਇਤਾ ਮੰਗੀ।ਅੰਤ ਉਸਨੇ ਇੱਕ ਆਵਾਜ਼ ਸੁਣੀ, "ਤੂੰ ਗੁਰੂ ਕੇ ਲੰਗਰ ਵਿੱਚ ਭੋਜਨ ਨਹੀਂ ਛਕਿਆ ਅਤੇ ਗੁਰੂ ਜੀ ਦੇ ਪਵਿਤ੍ਰ ਦਰਸ਼ਨ ਨਹੀਂ ਕੀਤੇ ਇਸ ਲਈ ਤੈਨੂੰ ਸ੍ਰੇਸ਼ਟਤਾ ਪ੍ਰਾਪਤ ਨਹੀਂ ਹੋਏਗੀ। ਜੇ ਤੂੰ ਇਹ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਗੁਰੂ ਅਮਰਦਾਸ ਦੇ ਦਰਸ਼ਨ ਕਰ।"

ਤਦ ਮਾਈਦਾਸ ਗੋਇੰਦਵਾਲ ਮੁੜ ਆਇਆ, ਆਕੇ ਗੁਰੂ ਕੇ ਲੰਗਰ ਵਿੱਚ ਬੈਠਕੇ ਭੋਜਨ ਛਕਿਆ ਅਤੇ ਗੁਰੂ ਜੀ ਦੇ ਦਰਸ਼ਨ ਹੋਏ। ਗੁਰੂ ਜੀ ਨੇ ਸਵਾਗਤ ਕਰਦਿਆਂ ਬਚਨ ਕੀਤਾ, "ਆਉ, ਮਾਈ ਦਾਸ, ਤੁਸੀਂ ਅਕਾਲ ਪੁਰਖ ਦੇ ਇੱਕ ਵਿਸ਼ੇਸ਼ ਸੰਤ ਹੋ।" ਗੁਰੂ ਜੀ ਨੇ ਉਸਨੂੰ ਆਪਣਾ ਸਿੱਖ ਬਣਾਇਆ, ਨਾਮ ਦੀ ਬਖਸ਼ਿਸ਼ ਕੀਤੀ ਅਤੇ ਦੂਜਿਆਂ ਨੂੰ ਨਾਮ ਜਪਾਕੇ ਮੁਕਤੀ ਪ੍ਰਦਾਨ ਕਰਨ ਦੀ ਸ਼ਕਤੀ ਬਖਸ਼ੀ। ਮਾਈ ਦਾਸ ਨੂੰ ਗੁਰੂ ਜੀ ਦੀਆਂ ਸਥਾਪਨ ਕੀਤੀਆਂ ਬਾਈ ਮੰਜੀਆਂ ਵਿਚੋਂ ਇੱਕ ਮੰਜੀ ਦੀ ਸੌਂਪਣਾ ਹੋਈ।

## ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨ ਲਈ :

ਭਾਰਤ ਦਾ ਬਾਦਸ਼ਾਹ, ਅਕਬਰ, ਲਾਹੌਰ ਜਾਂਦਾ ਹੋਇਆ ਰਾਹ ਵਿੱਚ ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਸਨੂੰ ਵੀ ਦੱਸਿਆ ਗਿਆ ਕਿ ਪਹਿਲਾਂ ਗੁਰੂ ਕੇ ਲੰਗਰ ਵਿੱਚ ਪੰਗਤ ਵਿੱਚ ਹੋਰਨਾਂ ਨਾਲ ਬੈਠਕੇ ਭੋਜਨ ਛਕੇ; ਫੇਰ ਹੀ ਗੁਰੂ ਜੀ ਦੇ ਦਰਸ਼ਨ ਕਰ ਸਕੇਗਾ। ਅਕਬਰ ਨੇ ਉਵੇਂ ਹੀ ਕੀਤਾ ਅਤੇ ਜਿਉਂ ਜਿਉਂ ਉਹ ਭੋਜਨ ਖਾ ਰਿਹਾ ਸੀ ਉਸਨੂੰ ਵੱਧ ਤੋਂ ਵੱਧ ਸਵਾਦ ਆ ਰਿਹਾ ਸੀ। ਉਸ ਪਿਛੋਂ ਅਕਬਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਕਿਹਾ ਜਾਂਦਾ ਹੈ ਕਿ ਗੁਰੂ ਜੀ ਬਾਦਸ਼ਾਹ ਨੂੰ ਆਪਣੀ ਜੱਫੀ ਵਿੱਚ ਲੈਕੇ ਸਵਾਗਤ ਕਰਨ ਲਈ ਉਠੇ ਪਰ ਅਕਬਰ ਪਹਿਲੋਂ ਹੀ ਆਪਣੇ ਆਪ ਗੁਰੂ ਜੀ ਦੇ ਚਰਨ ਛੋਹਣ ਲਈ ਝੁਕ ਗਿਆ। ਬਾਦਸ਼ਾਹ ਨੂੰ ਪਵਿਤਰ ਚਰਨ ਛੋਂਹਦਿਆਂ ਹੀ ਖੁਸ਼ੀ ਅਤੇ ਸ਼ਾਂਤੀ ਦੀ ਧੜਕਣ ਛਿੜ ਗਈ।

ਅਕਬਰ ਨੇ ਲੰਗਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਭੋਜਨ ਛਕਾਉਂਦਿਆਂ ਵੇਖਿਆ ਤਾਂ ਗੁਰੂ ਜੀ ਅੱਗੇ ਬੇਨਤੀ ਕੀਤੀ ਉਹ ਉਸਦੀ ਸੇਵਾ ਅਤੇ ਭੇਟਾ ਪ੍ਰਵਾਨ ਕਰਨ। ਪਰ ਗੁਰੂ ਜੀ ਨੇ ਉਤਰ ਦਿਤਾ, "ਮੈਨੂੰ ਆਪਣੇ ਸਿਰਜਣਹਾਰ ਅਕਾਲ ਪੁਰਖ ਕੋਲੋਂ ਜ਼ਮੀਨਾਂ ਅਤੇ ਬਿਨਾਂ ਕਰਾਏ ਉਨ੍ਹਾਂ ਤੇ ਦਖਲ ਮਿਲਿਆ ਹੋਇਆ ਹੈ। ਜੋ ਕੁਝ ਵੀ ਰੋਜ਼ ਆਉਂਦਾ ਹੈ ਉਸੇ ਦਿਨ ਖਰਚ ਹੋ ਜਾਂਦਾ ਹੈ, ਅਤੇ ਅਗਲੀ ਭਲਕ ਲਈ ਮੇਰਾ ਭਰੋਸਾ ਅਕਾਲ ਪੁਰਖ ਤੇ ਹੈ।" ਅਕਬਰ ਨੇ ਤਦ ਕਿਹਾ: "ਜੋ ਮੈਨੂੰ ਦਿਸਦਾ ਹੈ ਕਿ ਆਪ ਜੀ ਦੀ ਕੋਈ ਇਛਾ ਨਹੀਂ। ਆਪ ਜੀ ਦੇ ਖਜ਼ਾਨੇ ਅਤੇ ਲੰਗਰ ਵਿਚੋਂ ਅਨਗਿਣਤ ਲੋਕ ਦਾਤਾਂ ਲਈ ਜਾਂਦੇ ਹਨ ਅਤੇ ਮੇਰੀਆਂ ਵੀ ਅਜਿਹੀਆਂ ਖਾਹਸ਼ਾਂ ਹਨ; ਮੈਂ ਇਹ ੮੪ ਪਿੰਡ ਆਪ ਜੀ ਦੀ ਬੇਟੀ, ਬੀਬੀ ਭਾਨੀ ਦੇ ਨਾਮ ਕਰ ਦੇਵਾਂਗਾ।" ਇਹੀ ਪਿੰਡਾਂ ਦੀ ਜ਼ਮੀਨ 'ਤੇ ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਸ਼ਹਿਰ ਵਸਾਇਆ ਜਿਸਦਾ ਨਾਮ ਹੁਣ ਅੰਮ੍ਰਿਤਸਰ ਹੈ।

## ਗੁਰੂ ਜੀ ਵਿਰੁਧ ਅਕਬਰ ਪਾਸ ਸ਼ਿਕਾਇਤ :

ਜਦ ਬ੍ਰਾਹਮਣ ਅਤੇ ਖਤਰੀ ਦਾਤੂ ਨੂੰ ਉਕਸਾਕੇ ਗੁਰੂ ਅਮਰਦਾਸ ਜੀ ਨੂੰ ਗੱਦੀਓਂ ਲਾਹੁਣ ਲਈ ਅਸਫਲ ਹੋ ਗਏ ਤਾਂ ਉਹਨਾਂ ਨੇ ਅਕਬਰ ਕੋਲ ਇੱਕ ਵਿਸ਼ੇਸ਼ ਸ਼ਿਕਾਇਤ ਭੇਜੀ। ਇਸ ਵਿੱਚ ਉਹਨਾਂ ਨੇ ਦੋਸ਼ ਲਾਇਆ ਕਿ "ਹਰੇਕ ਆਦਮੀ ਨੂੰ ਆਪਣਾ ਧਰਮ ਪਿਆਰਾ ਹੈ। ਗੋਇੰਦਵਾਲ ਦੇ ਗੁਰੂ ਅਮਰ ਦਾਸ ਨੇ ਹਿੰਦੂਆਂ ਦੇ ਧਾਰਮਕ ਅਤੇ ਸਮਾਜਕ ਰਿਵਾਜ ਤਿਆਗ ਦਿਤੇ ਹੋਏ ਹਨ ਅਤੇ ਚਾਰ ਜਾਤੀਆਂ ਦੀ ਮਹੱਤਤਾ ਨੂੰ ਮਿਟਾ ਦਿਤਾ ਹੈ। ਉਹ ਆਪਣੇ ਸਭ ਜਾਤੀਆਂ ਦੇ ਸ਼ਰਧਾਲੂਆਂ ਨੂੰ ਇੱਕ ਪੰਗਤ ਵਿੱਚ ਬਿਠਾਕੇ ਬਿਨਾਂ ਜਾਤੀ ਅਤੇ ਧਰਮ ਦੇ ਭੇਦ ਭਾਵ ਤੋਂ, ਆਪਣੇ ਇਕੋ ਲੰਗਰ ਵਿੱਚ ਬਣਿਆ ਭੋਜਨ ਖੁਆਉਂਦਾ ਹੈ। ਪਿਤਰਾਂ ਨੂੰ ਪਾਣੀ ਦੀ ਅਰਪਨਾ ਨਹੀਂ ਕੀਤੀ ਜਾਂਦੀ,

ਤੀਰਥ ਯਾਤਰਾਵਾਂ ਅਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਵੀ ਨਹੀਂ ਕੀਤੀਆਂ ਜਾਂਦੀਆਂ। ਗੁਰੂ, ਜੋਗੀਆਂ, ਜਤੀਆਂ ਜਾਂ ਬ੍ਰਾਹਮਣਾਂ ਦਾ ਸਤਿਕਾਰ ਨਹੀਂ ਕਰਦਾ। ਸੋ, ਅਸੀਂ ਹਜ਼ੂਰ ਕੋਲ ਅਰਜ਼ ਕਰਦੇ ਹਾਂ ਕਿ ਇਹਨਾਂ ਬਾਰੇ ਗੁਰੂ ਉਤੇ ਰੋਕ ਲਾ ਦਿਤੀ ਜਾਵੇ, ਨਹੀਂ ਤਾਂ ਪਿਛੋਂ ਜਾਕੇ ਬੜੀ ਔਕੜ ਆਇਗੀ।"

ਅਕਬਰ ਨੇ ਇੱਕ ਉਚ ਅਧਿਕਾਰੀ ਨੂੰ ਗੋਇਦਵਾਲ ਭੇਜਿਆ ਗੁਰੂ ਜੀ ਨੂੰ ਹਾਜ਼ਰ ਹੋਣ ਲਈ ਬੇਨਤੀ ਕਰਨ ਵਾਸਤੇ। ਇਹ ਸੰਮਨ ਅਜੋਕੇ ਸਮੇਂ ਦੀ ਕਚਹਿਰੀ ਵਾਂਗ ਕਰੂਰ ਹੁਕਮਨਾਮਾ ਨਹੀਂ ਸੀ। ਇਹ ਸੀ, "ਅਪਰਵਾਨ ਨਾ ਕਰਨਾ, ਮਿਹਰਾਂ ਬਖਸ਼ੋ ਅਤੇ ਆਪਣੇ ਦਰਸ਼ਨ ਦੇਣ ਦੀ ਕਿਰਪਾ ਕਰੋ ਜੀ।" ਗੁਰੂ ਜੀ ਨੇ ਭਾਈ ਰਾਮਦਾਸ ਜੀ ਨੂੰ ਭੇਜਿਆ ਇਹ ਕਹਿਕੇ ਕਿ, "ਤੁਸੀਂ ਮੇਰਾ ਸਰੂਪ ਹੋ; ਗੁਰੂ ਨਾਨਕ ਜੀ ਤੁਹਾਡੇ ਅੰਗ ਸੰਗ ਹੋਣਗੇ ਅਤੇ ਤੁਹਾਡੇ ਵਿਰੁਧ ਕੋਈ ਵੀ ਭਾਰੂ ਨਹੀਂ ਹੋਵੇਗਾ। ਕਿਸੇ ਤੋਂ ਡਰਨਾ ਨਹੀਂ ਅਤੇ ਉਚਿਤ ਉਤ੍ਰ ਦੇ ਆਉ।"

ਜੇਠਾ ਜੀ ਨੇ ਸਾਰੇ ਸਵਾਲਾਂ ਦੇ ਉਚਿਤ ਉਤ੍ਰ ਦੇ ਕੇ ਬਾਦਸ਼ਾਹ ਦੀ ਤਸੱਲੀ ਕਰਾ ਦਿਤੀ। ਬਾਦਸ਼ਾਹ ਨੇ ਫੈਸਲਾ ਦਿਤਾ,"ਮੈਨੂੰ ਇਸ ਮਹਾਪੁਰਸ਼ ਵਿੱਚ ਹਿੰਦੂ ਧਰਮ ਦੇ ਵਿਰੁਧ ਕੁਝ ਨਹੀਂ ਦਿਸਦਾ ਅਤੇ ਨਾ ਹੀ ਮੈਨੂੰ ਇਸਦੀਆਂ ਰਚਨਾਵਾਂ ਵਿੱਚ ਕੋਈ ਨੁਕਸ ਮਿਲਦਾ ਹੈ।" ਬ੍ਰਾਹਮਣ ਬੁਰੀ ਤਰ੍ਹਾਂ ਹਾਰ ਖਾਕੇ ਸ਼ਾਹੀ ਦਰਬਾਰ ਵਿਚੋਂ ਚਲੇ ਗਏ। ਮੈਕਾਲਫ 'ਸੂਰਜ ਪ੍ਰਕਾਸ਼' ਵਿਚੋਂ ਹਵਾਲਾ ਦਿੰਦਾ ਲਿਖਦਾ ਹੈ "ਇਸ ਪਿਛੋਂ ਅਕਬਰ ਨੇ ਭਾਈ ਜੇਠਾ ਜੀ ਨੂੰ ਇੱਕ ਪਾਸੇ ਲਿਜਾਕੇ ਕਿਹਾ ਕਿ ਉਸਦੀ ਵਲੋਂ ਗੁਰੂ ਜੀ ਜੋਗ ਅਰਜ਼ ਕਰਨੀ ਕਿ ਉਹ ਸਿੱਖ ਧਰਮ ਧਾਰਨ ਕਰਨ ਤੋਂ ਪਹਿਲਾਂ ਹਰਦਵਾਰ ਹਰ ਵਰ੍ਹੇ ਗੰਗਾ ਦੀ ਯਾਤਰਾ ਕਰਿਆ ਕਰਦੇ ਸਨ, ਇੱਕ ਵਾਰ ਹੋਰ ਯਾਤਰਾ ਕਰ ਆਉਣ ਤਾਂ ਜੁ ਹਿੰਦੂਆਂ ਦਾ ਗੁੱਸਾ ਹਟ ਜਾਏ। ਬਾਦਸ਼ਾਹ ਨੇ ਇਹ ਵੀ ਕਿਹਾ ਕਿ ਉਹ ਹੁਕਮ ਦੇ ਦੇਵੇਗਾ ਕਿ ਗੁਰੂ ਜੀ ਅਤੇ ਉਹਨਾਂ ਨਾਲ ਗਈ ਸੰਗਤ ਤੋਂ ਕੋਈ ਟੈਕਸ ਨ ਲਿਆ ਜਾਇਆ ਕਰੇ। ਗੁਰੂ ਜੀ ਬਾਦਸ਼ਾਹ ਦੀ ਸਲਾਹ ਪ੍ਰਵਾਨ ਕਰਦਿਆਂ ਅਤੇ ਇਸ ਨੂੰ ਸਿੱਖ ਧਰਮ ਦੇ ਪਰਚਾਰ ਦਾ ਇੱਕ ਹੋਰ ਮੌਕਾ ਸਮਝਕੇ ਹਰਦਵਾਰ ਚਲ ਪਏ।" 'ਗੁਰੂ ਜੀ ਦਾ ਇੱਕ ਵਾਰ ਹੋਰ ਹਰਦਵਾਰ ਜਾਣਾ ਕਿ ਹਿੰਦੂਆਂ ਦਾ ਗੁੱਸਾ ਠੰਢਾ ਹੋ ਜਾਵੇ' ਬਿਲਕੁਲ ਬੇਬੁਨਿਆਦ ਗੱਲ ਲਗਦੀ ਹੈ ਕਿਉਂਕਿ ਇਹ ਗੁਰੂ ਜੀ ਦੇ ਉਪਦੇਸ਼ਾਂ ਦੇ ਵਿਰੁਧ ਹੈ ਜਦ ਗੁਰੂ ਜੀ ਦਾ ਬਚਨ ਹੈ:-

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।"

(ਧਨਾਸਰੀ ਮਹਲਾ ੧, ਪੰਨਾ ੬੮੭)

"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।।"

(ਵਡਹੰਸੁ ਮਹਲਾ ੩, ਪੰਨਾ ੫੫੮)

ਇਹ ਨਿਸ਼ਚੇ ਪੂਰਵਕ ਕਹਿਣਾ ਠੀਕ ਨਹੀ ਕਿ ਗੁਰੂ ਅਮਰਦਾਸ ਜੀ ਹਿੰਦੂਆਂ ਨੂੰ ਖੁਸ਼ ਕਰਨ ਲਈ ਹਰਦਵਾਰ ਦੀ ਇੱਕ ਹੋਰ ਯਾਤਰਾ ਤੇ ਗਏ। ਗੁਰੂ ਅਮਰਦਾਸ ਜੀ ਹਰਦਵਾਰ ਅਤੇ ਕੁਰਸ਼ੇਤਰ ਤੀਰਥ ਯਾਤ੍ਰਾ ਦੇ ਆਸ਼ੇ ਨਾਲ ਨਹੀਂ ਗਏ ਸਨ ਸਗੋਂ ਹਜ਼ਾਰਾਂ ਲਿਤਾੜੀਆਂ ਆਤਮਾਵਾਂ ਨੂੰ ਅਕਾਲਪੁਰਖ ਨਾਲ ਜੋੜਨ ਅਤੇ ਨਾਮ ਸਿਮਰਨ ਦੇ ਪ੍ਰਚਾਰ ਨਾਲ ਸੁਖ ਸ਼ਾਂਤੀ ਬਖਸ਼ਣ ਗਏ ਸਨ।

## ਸਤੀ ਹੋਣ ਦੀ ਰੀਤ ਬੰਦ ਕਰਨਾ :

ਉਸ ਸਮੇਂ ਹਿੰਦੂ ਸਮਾਜ ਵਿੱਚ ਇਸਤਰੀਆਂ ਦੀ ਹੈਸੀਅਤ ਬੜੀ ਨੀਵੀਂ ਸੀ। ਜਦ ਇੱਕ ਇਸਤਰੀ ਦਾ ਪਤੀ ਮਰ ਜਾਂਦਾ ਤਾਂ ਪਤਨੀ ਆਪਣੀ ਮਰਜ਼ੀ ਨਾਲ ਪਤੀ ਦੀ ਚਿਖਾ ਵਿੱਚ ਸੜ ਜਾਂਦੀ ਜਾਂ ਉਸਦੀ ਮਰਜ਼ੀ ਬਿਨਾਂ ਪਤੀ ਦੀ ਬਲਦੀ ਚਿਖਾ ਉਤੇ ਸੁਟਕੇ ਸਾੜ ਦਿਤੀ ਜਾਂਦੀ। ਇਸ ਕਾਰਜ ਨੂੰ ਸਤੀ (ਸੱਚੀ) ਹੋਣਾ ਕਿਹਾ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਸਤੀ ਹੋਣ ਦੇ ਵਿਰੁਧ ਕਰੜਾ ਅੰਦੋਲਨ ਚਲਾਇਆ। ਗੁਰੂ ਜੀ ਨੇ ਇਸਤਰੀਆਂ ਦੀ ਸਥਿਤੀ ਸੁਧਾਰਨ ਵੱਲ ਵਿਸ਼ੇਸ਼ ਧਿਆਨ ਦਿਤਾ ਅਤੇ ਇਸ ਤਰ੍ਹਾਂ ਇਹ ਸਤੀ ਹੋਣ ਦੀ ਰੀਤ ਦੀ ਮਨਾਹੀ ਕਰ ਦਿਤੀ। ਜੀ:ਬੀ: ਸਕਾਟ ਗੁਰੂ ਜੀ ਦੀ ਸ਼ਲਾਘਾ ਕਰਦਾ ਹੈ ਕਿ ਉਹ ਪਹਿਲੇ ਸੁਧਾਰਕ ਸਨ ਜਿਨ੍ਹਾਂ ਨੇ ਹਿੰਦੂਆਂ ਦੇ ਸਤੀ ਦੇ ਪ੍ਰਚਲਤ ਰਿਵਾਜ ਦੀ ਨਿਖੇਧੀ ਕੀਤੀ। ਗੁਰੂ ਜੀ ਨੇ ਉਪਦੇਸ਼ ਦਿਤਾ :

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ।।"

(ਵਾਰ ਸੂਹੀ ਕੀ, ਸਲੋਕ ਮਹਲਾ ੩, ਪੰਨਾ ੭੮੭)

ਗੁਰੂ ਜੀ ਨੇ ਇਸਤਰੀਆਂ ਦਾ ਦਰਜਾ ਵਧਾਕੇ ਮਰਦਾਂ ਦੇ ਬਰਾਬਰ ਕਰ ਦਿਤਾ। ਉਨ੍ਹਾਂ ਨੇ ਸਤੀ ਦੀ ਰਸਮ ਦੀ ਮਨਾਹੀ ਕਰ ਦਿਤੀ ਅਤੇ ਵਿਧਵਾਂ ਦਾ ਵਿਆਹ ਹੋ ਜਾਣ ਲਈ ਪ੍ਰਚਾਰ ਕੀਤਾ।

## ਮੰਜੀਆਂ ਦੀ ਸਥਾਪਨਾ :

ਗੁਰੂ ਜੀ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਵੱਧ ਗਈ। ਖਿਲਰੀਆਂ ਸੰਗਤਾਂ ਨੂੰ ਇੱਕ ਲੜੀ ਵਿੱਚ ਪਰੋਕੇ ਇੱਕ ਸੰਗਠਤ ਇਕਾਈ ਦਾ ਰੂਪ ਦੇਣ ਲਈ ਪ੍ਰਬੰਧ ਕੀਤਾ ਗਿਆ ਜਿਸਨੂੰ 'ਮੰਜੀਆਂ ਦਾ ਸਥਾਪਨ' ਨਾਮ ਦਿਤਾ। ਇਸ ਤਰ੍ਹਾਂ ਗੁਰੂ ਜੀ ਦਾ ਸਾਰਾ ਅਧਿਆਤਮਕ ਪ੍ਰਬੰਧ ਬਾਈ ਮੰਜੀਆਂ (ਖੇਤਰਾਂ) ਦਾ ਰੂਪ ਹੋ ਗਿਆ। ਮੰਜੀ ਨਾਮ ਇਸ ਲਈ ਰਖਿਆ ਗਿਆ ਕਿ ਇੱਕ ਮੰਜੀ ਦਾ ਮੁਖੀ (ਨਿਗਰਾਨ) ਗੁਰੂ ਜੀ ਦਾ ਸੰਦੇਸ਼ ਸੁਨਾਉਣ ਵੇਲੇ ਇੱਕ ਮੰਜੀ ਤੇ ਬੈਠਦਾ ਸੀ। ਹਰੇਕ ਮੰਜੀ ਦਾ ਮੁਖੀ ਇੱਕ ਦ੍ਰਿੜ੍ਹ ਸ਼ਰਧਾਵਾਨ ਸਿੱਖ ਹੁੰਦਾ ਸੀ ਜਿਸ ਉਤੇ ਇਸ ਪਦਵੀ ਤੇ ਨਿਯੁਕਤ ਹੋਣ ਤੋਂ ਪਹਿਲਾਂ ਗੁਰੂ ਜੀ ਰੱਬੀ ਮਿਹਰ ਦੀ ਬਖਸ਼ਿਸ਼ ਕਰਦੇ ਸਨ। ਉਸਦਾ ਕਰਤਵ ਸੀ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨਾ, ਅਤੇ ਸੰਗਤਾਂ ਨੂੰ ਗੁਰੂ ਜੀ ਨਾਲ ਜੋੜੀ ਰਖਣਾ। ਸੰਗਤਾਂ ਵਲੋਂ ਗੁਰੂ ਜੀ ਵਾਸਤੇ ਜੋ ਭੇਟਾਵਾਂ ਆਉਂਦੀਆਂ ਉਸਦੀ ਜ਼ਿੰਮੇਦਾਰੀ ਵੀ ਇਸ ਮੁਖੀ ਦੀ ਸੀ। ਬਾਈ ਮੰਜੀਆਂ ਦੇ ਮੁਖੀ ਇਹ ਸਨ:

(੧) ਅੱਲਾਯਾਰ: ਇਸ ਨੂੰ ਅੱਲਾ ਸ਼ਾਹ ਵੀ ਸਦਦੇ ਸਨ। ਇਹ ਇੱਕ ਪਠਾਨ ਵਪਾਰੀ ਸੀ, ਜਿਸਦਾ ਬਿਰਤਾਂਤ ਪਿਛੇ ਦਿੱਤਾ ਗਿਆ ਹੈ ਕਿ ਇਹ ਗੁਰੂ ਜੀ ਦਾ ਸਿੱਖ ਕਦ ਬਣਿਆ ਅਤੇ ਇਸਨੂੰ ਪਹਿਲੀ ਮੰਜੀ ਦੀ ਸੌਂਪਣਾ ਕੀਤੀ ਗਈ।

(੨) ਸਚਣ ਸੱਚ: ਇਹ ਲਾਹੌਰ ਜ਼ਿਲੇ ਦੇ ਪਿੰਡ ਮੰਦਰ ਦਾ ਬ੍ਰਾਹਮਣ ਸੀ। ਉਹ ਸਦਾ "ਸਚਣ ਸਚ" ਸ਼ਬਦ ਵਰਤਦਾ ਜਿਸ ਤੋਂ ਉਸਦਾ ਨਾਮ ਹੀ ਸੱਚਣ ਸੱਚ ਪੈ ਗਿਆ। ਹਰੀਪੁਰ ਰਾਜੇ ਦੀ ਇੱਕ ਰਾਣੀ ਪਾਗਲ ਹੋ ਗਈ ਅਤੇ ਗੁਰੂ ਜੀ ਦੀ ਮਿਹਰ ਦਵਾਰਾ ਠੀਕ ਹੋ ਗਈ। ਗੁਰੂ ਜੀ ਨੇ ਇਸਦਾ ਵਿਆਹ ਸੱਚਣ ਸੱਚ ਨਾਲ ਕਰਾ ਦਿਤਾ। ਇਹ ਜੋੜੀ ਸਿੱਖ ਧਰਮ ਦਾ ਪ੍ਰਚਾਰ ਕਰਨ ਲਗ ਗਈ।

(੩) ਸਾਧਾਰਨ: ਇਹ ਗੋਇੰਦਵਾਲ ਦਾ ਵਾਸੀ ਸੀ ਅਤੇ ਇਸਨੂੰ ਗੁਰੂ ਜੀ ਜੋਗ ਇਸਦੀ ਸ਼ਰਧਾ ਕਾਰਨ ਇੱਕ ਮੰਜੀ ਸੌਂਪੀ ਗਈ।

(੪) ਸਾਵਨ ਮੱਲ: ਇਹ ਗੁਰੂ ਜੀ ਦਾ ਇੱਕ ਭਤੀਜਾ ਸੀ। ਗੁਰੂ ਜੀ ਨੇ ਇਸਨੂੰ ਕਾਂਗੜਾ ਜ਼ਿਲੇ ਵਿੱਚ ਹਰੀਪੁਰ ਤੋਂ ਲੱਕੜ ਲਿਆਉਣ ਵਾਸਤੇ ਭੇਜਿਆ ਜੋ ਗੋਇੰਦਵਾਲ ਵਿੱਚ ਮਕਾਨਾਂ ਦੀ ਉਸਾਰੀ ਲਈ ਚਾਹੀਦੀ ਸੀ। ਸਾਵਣ ਮਲ ਨੇ ਉਸ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

(੫) ਸੁਖਨ : ਇਹ ਰਾਵਲਪਿੰਡੀ ਜ਼ਿਲੇ ਦੇ ਧਮਿਆਨ ਪਿੰਡ ਦਾ ਵਾਸੀ ਸੀ। ਇਸਨੇ ਉਸ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।

(੬) ਹੰਦਲ: ਇਹ ਅੰਮ੍ਰਿਤਸਰ ਜ਼ਿਲੇ ਦੇ ਜੰਡਿਆਲਾ ਪਿੰਡ ਤੋਂ ਸੀ। ਇਸਨੇ ਗੁਰੂ ਕੇ ਲੰਗਰ ਵਿੱਚ ਮਹਾਨ ਸੇਵਾ ਕੀਤੀ।

(੭) ਕੇਦਾਰੀ: ਭਾਈ ਕੇਦਾਰੀ ਗੁਰਦਾਸਪੁਰ ਜ਼ਿਲੇ ਦੇ ਬਟਾਲਾ ਨਗਰ ਦਾ ਵਾਸੀ ਸੀ। ਇਹ ਗੁਰੂ ਜੀ ਦਾ ਬੜਾ ਪ੍ਰਸਿੱਧ ਸ਼ਰਧਾਵਾਨ ਸੀ।

(੮) ਖੇੜਾ: ਇਹ ਲਾਹੌਰ ਜ਼ਿਲੇ ਵਿੱਚ ਖੇਮ ਕਰਨ ਪਿੰਡ ਤੋਂ ਸੀ। ਗੁਰੂ ਜੀ ਦਾ ਸਿੱਖ ਬਨਣ ਤੋਂ ਪਹਿਲੋਂ ਇਹ ਦੁਰਗਾ ਦੇਵੀ ਦਾ ਭਗਤ ਸੀ।

(੯) ਗੰਗੂਸ਼ਾਹ: ਇਹ ਗੜ੍ਹਸ਼ੰਕਰ ਦਾ ਵਾਸੀ ਸੀ। ਗੁਰੂ ਜੀ ਨੇ ਇਸਨੂੰ ਸਰਮੌਰ ਰਿਆਸਤ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਭੇਜਿਆ।

(੧੦) ਦਰਬਾਰੀ: ਭਾਈ ਦਰਬਾਰੀ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਮਜੀਠਾ ਤੋਂ ਸੀ।

(੧੧) ਪਾਰੋ: ਭਾਈ ਪਾਰੋ ਗੁਰੂ ਅੰਗਦ ਦੇਵ ਜੀ ਸਮੇਂ ਦਾ ਸਿੱਖ ਸੀ। ਇਹ ਡੱਲਾ ਦਾ ਵਾਸੀ ਸੀ। ਇਸਦੀ ਸ਼ਰਧਾ ਕਾਰਨ ਇਸਨੂੰ ਯਾਰਵੀਂ ਮੰਜੀ ਦੀ ਸੌਂਪਣਾ ਮਿਲੀ।

(੧੨) ਫੇਰਾ: ਭਾਈ ਫੇਰਾ ਜੰਮੂ ਦੇ ਇਲਾਕੇ ਵਿੱਚ ਖੀਰਪੁਰ ਦਾ ਵਾਸੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਨਣ ਤੋਂ ਪਹਿਲੋਂ ਇਹ ਜੋਗੀਆਂ ਦਾ ਚੇਲਾ ਸੀ। ਇਸਨੇ ਉਸ ਪਹਾੜੀ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।

(੧੩) ਬੂਆ: ਭਾਈ ਬੂਆ ਗੁਰੂ ਜੀ ਦਾ ਸਿੱਖ ਬਣਿਆ ਅਤੇ ਉਸਨੂੰ ਅਕਾਲ ਪੁਰਖ ਦੇ ਨਾਮ ਦੀ ਬਖਸ਼ਿਸ਼ ਹੋਈ ਜਿਸਦੀ ਸੁਗੰਧੀ ਉਸਨੇ ਆਪਣੇ ਇਲਾਕੇ ਵਿੱਚ ਫੈਲਾਈ।

(੧੪) ਬੇਣੀ: ਇਹ ਲਾਹੌਰ ਜ਼ਿਲੇ ਵਿੱਚ ਚੂੰਨੀਆਂ ਦਾ ਇੱਕ ਵਿਦਵਾਨ ਪੰਡਿਤ ਸੀ। ਇਹ ਆਪਣੇ ਹਿੰਦੂ ਸ਼ਾਸ਼ਤਰਾਂ ਸੰਬੰਧੀ ਗਿਆਨ ਦਾ ਗੁਮਾਨ ਕਰਦਾ ਸੀ ਅਤੇ ਇਸਨੇ ਗਿਆਨ ਬਾਰੇ ਹੋਈਆਂ ਗੋਸ਼ਟੀਆਂ ਵਿੱਚ ਕਈਆਂ ਨੂੰ ਹਰਾਇਆ ਸੀ। ਜਦ ਇਹ ਗੋਇੰਦਵਾਲ ਆਇਆ ਤਾਂ ਗੁਰੂ ਜੀ ਦੇ ਚਰਨਾਂ ਤੇ ਢੱਠਾ ਅਤੇ ਸਿੱਖ ਬਣ ਗਿਆ। ਗੁਰੂ ਜੀ ਨੇ ਉਸਨੂੰ ਚੌਧਵੀਂ ਮੰਜੀ ਦੀ ਸੌਂਪਣਾ ਕੀਤੀ।

(੧੫) ਮਹੇਜਾ: ਇਹ ਸੁਲਤਾਨਪੁਰ ਦਾ ਰਹਿਣ ਵਾਲਾ ਸੀ ਅਤੇ ਇਸ ਨੇ ਉਸ ਇਲਾਕੇ ਵਿੱਚ ਸਿਖੀ ਦਾ ਪ੍ਰਚਾਰ ਕੀਤਾ।

(੧੬) ਮਾਈਦਾਸ: ਮਾਈਦਾਸ ਦਾ ਬਿਰਤਾਂਤ ਪਿਛਲੇ ਕਾਂਡ ਵਿੱਚ ਕੀਤਾ ਹੋਇਆ ਹੈ। ਇਸਨੇ ਮਾਝੇ ਦੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।

(੧੭) ਮਾਣਕ ਚੰਦ: ਮਾਣਕ ਚੰਦ ਬਾਰੇ ਪਿਛਲੇ ਪੰਨਿਆਂ ਤੇ ਦੱਸ ਆਏ ਹਾਂ। ਜਦ ਇਹ ਬਾਉਲੀ ਦਾ ਕੜ ਟੁਟਣ ਤੇ ਡੁਬ ਗਿਆ ਸੀ, ਗੁਰੂ ਜੀ ਨੇ ਇਸਨੂੰ ਮੁੜ ਜੀਵਤ ਕੀਤਾ। ਸੋ ਸਿੱਖ ਇਸ ਨੂੰ ਮਰਜੀਵੜਾ ਸਦਣ ਲਗ ਗਏ। ਅੰਮ੍ਰਿਤਸਰ ਜ਼ਿਲੇ ਦੇ ਵੈਰੋਵਾਲ ਪਿੰਡ ਵਿੱਚ ਇਸਦੀ ਵੰਸ਼ ਨੂੰ ਮਰਜੀਵੜੇ ਸੱਦਦੇ ਹਨ। ਗੁਰੂ ਜੀ ਨੇ ਮਾਣਕ ਚੰਦ ਨੂੰ ਮਾਈਦਾਸ ਦਾ ਅਧਿਆਤਮਕ ਰਾਹਨੁਮਾ ਬਣਾਇਆ।

(੧੮) ਮੁਰਾਰੀ: ਇਹ ਲਾਹੌਰ ਜ਼ਿਲੇ ਵਿੱਚ ਖਈ ਪਿੰਡ ਦਾ ਵਾਸੀ ਸੀ। ਇਸਦਾ ਮੁਢਲਾ ਨਾਮ ਪਰੇਮਾ ਸੀ ਅਤੇ ਇਹ ਕੋਹੜੀ ਸੀ। ਇਸਨੇ ਗੁਰੂ ਅਮਰਦਾਸ ਜੀ ਬਾਰੇ ਸੁਣਿਆ ਅਤੇ ਸਾਰਾ ਰਾਹ ਰੀਂਘਦਾ ਹੋਇਆ ਗੋਇੰਦਵਾਲ ਆਇਆ। ਗੁਰੂ ਜੀ ਦੀ ਮਿਹਰ ਸਦਕਾ ਇਹ ਬਿਲਕੁਲ ਰਾਜ਼ੀ ਹੋ ਗਿਆ। ਇਸਦਾ ਨਾਮ ਮੁਰਾਰੀ ਰੱਖਿਆ ਗਿਆ। ਗੁਰੂ ਜੀ ਨੇ ਇਸਦਾ ਵਿਆਹ ਭਾਈ ਸੀਹਾਂ ਦੀ ਪੁਤਰੀ ਮੱਥੋਂ ਨਾਲ ਕਰ ਦਿਤਾ। ਇਸਨੂੰ ਤਦ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਲਈ ਸਫਰੀ ਪ੍ਰਚਾਰਕਾਂ ਵਿਚੋਂ ਇੱਕ ਪ੍ਰਚਾਰਕ ਬਣਾਕੇ ਬਾਹਰ ਭੇਜਿਆ ਗਿਆ।

(੧੯) ਰਾਜਾ ਰਾਮ: ਇਹ ਇੱਕ ਬ੍ਰਾਹਮਣ ਸੀ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ। ਇਸਦੀ ਵੰਸ਼ ਹੁਣ ਜਲੰਧਰ ਜ਼ਿਲੇ ਦੇ ਪਿੰਡ ਸੰਧਮਾ ਵਿੱਚ ਰਹਿੰਦੀ ਹੈ।

(੨੦) ਰੰਗ ਸ਼ਾਹ: ਇਹ ਜਲੰਧਰ ਜ਼ਿਲੇ ਦੇ ਪਿੰਡ ਮਾਲੂਪੋਤ ਦਾ ਵਾਸੀ ਸੀ। ਇਸਨੇ ਦੁਆਬਾ ਇਲਾਕੇ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ।

(੨੧) ਰੰਗ ਦਾਸ: ਇਹ ਖਰੜ ਨੇੜੇ ਘੜੂਆਂ ਪਿੰਡ ਤੋਂ ਸੀ, ਜੋ ਹੁਣ ਰੋਪੜ ਜ਼ਿਲੇ ਵਿੱਚ ਹੈ।

(੨੨) ਲਾਲੋ: ਇਹ ਡੱਲਾ ਪਿੰਡ ਦਾ ਵਾਸੀ ਸੀ ਅਤੇ ਇੱਕ ਪ੍ਰਸਿੱਧ ਵੈਦ ਸੀ। ਇਹ ਗੁਰੂ ਜੀ ਦਾ ਸਿੱਖ ਬਣਿਆ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਗ ਗਿਆ।

ਗੁਰੂ ਜੀ ਨੇ ਇੱਕ ਹੋਰ ਸੰਗਠਨ, ਜਿਸਨੂੰ, ਮੰਜੀਆਂ ਵਾਂਗ, ਪੀੜ੍ਹੀਆਂ ਕਹਿੰਦੇ ਸੀ, ਸਥਾਪਤ ਕੀਤਾ। ਇਨ੍ਹਾਂ ਦੀਆਂ ਮੁਖੀ ਇਸਤਰੀਆਂ ਸਨ ਜਿਨ੍ਹਾਂ ਦੇ ਉਦੇਸ਼ ਇਸਤਰੀਆਂ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਦੀ ਜੋਤ ਜਗਾਉਣੀ ਅਤੇ ਅਕਾਲ ਪੁਰਖ ਦੇ ਨਾਮ ਦੀ ਸੁਗੰਧੀ ਫੈਲਾਉਣੀ ਸੀ। ਬੀਬੀ ਭਾਨੀ, ਬੀਬੀ ਦਾਨੀ ਅਤੇ ਬੀਬੀ ਪਾਲ, ਸਭ ਤੋਂ ਵਧ ਸਤਿਕਾਰਤ ਮੁਖੀਆਂ ਵਿਚੋਂ ਕੁਝ ਕੁ, ਵੱਖ ਵੱਖ ਪੀਹੜੀਆਂ ਦੀਆਂ ਮੁਖੀ ਸਨ। ਗੁਰੂ ਅਮਰਦਾਸ ਜੀ ਨੇ ੧੪੬ ਪ੍ਰਚਾਰਕਾਂ ਨੂੰ, ਜਿਨ੍ਹਾਂ ਵਿਚੋਂ ੯੪ ਪੁਰਸ਼ ਅਤੇ ੫੨ ਇਸਤਰੀਆਂ ਸਨ, ਇਹ ਪਦਵੀ ਅਤੇ ਅਧਿਕਾਰ ਬਖਸ਼ਿਆ ਕਿ ਉਹ ਦੇਸ਼ ਦੇ ਵਖ ਵਖ ਭਾਗਾਂ ਵਿੱਚ ਜਾਕੇ ਨਾਮ ਦੀ ਵਡਿਆਈ ਦਾ ਪ੍ਰਸਾਰ ਕਰਨ। ਇਹ ਸਭ ਨਾਮ ਨਾਲ ਪ੍ਰਜ੍ਵਲਤ ਅਤੇ ਦੈਵੀ ਉਤਸ਼ਾਹ ਨਾਲ ਭਰਪੂਰ ਸਨ।

## ਅਨੰਦ ਸਾਹਿਬ ਦੀ ਰਚਨਾ :

ਇੱਕ ਦਿਨ ਇੱਕ ਸਿਧ ਯੋਗੀ ਗੁਰੂ ਜੀ ਕੋਲ ਆਇਆ ਅਤੇ ਉਸਨੇ ਬੇਨਤੀ ਕੀਤੀ ਕਿ ਉਸਨੇ ਹਰ ਤਰ੍ਹਾਂ ਦੀ ਕਰੜੀ ਤਪਸਿਆ ਕੀਤੀ ਹੈ ਪਰ ਮਨ ਨੂੰ ਕੁਝ ਵੀ ਸ਼ਾਂਤੀ ਨਹੀਂ ਮਿਲੀ। ਉਸ ਨੇ ਇਹ ਇੱਛਾ ਦਰਸਾਈ ਕਿ ਇਹ ਸਰੀਰ ਤਿਆਗ ਕੇ ਗੁਰੂ ਜੀ ਦੇ ਪਰਵਾਰ ਵਿੱਚ ਜਨਮ ਲਵੇ ਤਾਂ ਜੁ ਉਹ ਅਕਾਲਪੁਰਖ ਦੀ ਅਰਾਧਨਾ ਕਰਕੇ ਅਤੇ ਉਸਦੀਆਂ ਵਡਿਆਈਆਂ ਦਾ ਗਾਇਣ ਕਰਕੇ ਪ੍ਰਸੰਨ ਹੋਵੇ। ਗੁਰੂ ਜੀ ਨੇ ਉਸਦੀ ਇੱਛਾ ਪੂਰੀ ਕੀਤੀ। ਗੁਰੂ ਜੀ ਦੇ ਦੋ ਸਪੁਤ੍ਰ ਸਨ, ਮੋਹਨ ਅਤੇ ਮੋਹਰੀ। ਮੋਹਰੀ ਦਾ ਵੱਡਾ ਪੁਤ੍ਰ ਅਰਥ ਮਲ ਸੀ ਅਤੇ ਕਿਹਾ ਜਾਂਦਾ ਹੈ ਕਿ ਇਸ ਸਿਧ ਯੋਗੀ ਨੇ ਮੋਹਰੀ ਦੇ ਦੂਜੇ ਪੁਤ੍ਰ ਦੇ ਰੂਪ ਵਿੱਚ ਦੁਬਾਰਾ ਜਨਮ ਲਿਆ। ਜਦ ਗੁਰੂ ਜੀ ਨੇ ਜੋਗੀ ਦੇ ਇਸ ਤਰ੍ਹਾਂ ਜਨਮ ਲੈਣ ਦਾ ਸੁਣਿਆ ਤਾਂ ਭਾਈ ਬੱਲੂ ਨੂੰ ਭੇਜਿਆ ਬੱਚੇ ਨੂੰ ਇਨ੍ਹਾਂ ਕੋਲ ਲਿਆਉਣ ਲਈ। ਬੱਚੇ ਨੂੰ ਵੇਖਕੇ ਗੁਰੂ ਜੀ ਨੇ ਅਨੰਦ ਸਾਹਿਬ ਬਾਣੀ (ਰਾਮਕਲੀ ਮਹਲਾ ੩, ਅਨੰਦ) ਦਾ ਉਚਾਰਣ ਕੀਤਾ ਅਤੇ

ਬੱਚੇ ਦਾ ਨਾਮ ਅਨੰਦ ਰਖਿਆ। ਅਨੰਦ ਸਾਹਿਬ ਦਾ ਪਾਠ ਹੁਣ ਖੁਸ਼ੀਆਂ ਅਤੇ ਅਨੰਦ ਕਾਰਜ ਸਮੇਂ ਕੀਤਾ ਜਾਂਦਾ ਹੈ।

## ਗੁਰਗੱਦੀ ਲਈ ਚੋਣ :

ਗੁਰੂ ਜੀ ਦੀ ਵੱਡੀ ਸਪੁਤ੍ਰੀ ਭਾਈ ਰਾਮਾ ਨਾਲ ਵਿਆਹੀ ਹੋਈ ਸੀ ਜੋ ਬੜਾ ਉਤਸ਼ਾਹੀ ਸਿੱਖ ਸੀ। ਉਹ ਗੁਰੂ ਜੀ ਦੇ ਲੰਗਰ ਵਿੱਚ ਸੇਵਾ ਕਰਦਾ ਅਤੇ ਯਾਤਰੀਆਂ ਦੀਆਂ ਲੋੜਾਂ ਦੀ ਪੂਰਤੀ ਦੇ ਪ੍ਰਬੰਧ ਕਰਦਾ ਸੀ। ਗੁਰੂ ਜੀ ਦੀ ਛੋਟੀ ਸਪੁਤ੍ਰੀ ਭਾਈ ਜੇਠਾ ਜੀ ਨਾਲ ਵਿਆਹੀ ਹੋਈ ਸੀ। ਇੱਕ ਦਿਨ ਗੁਰੂ ਜੀ ਨੇ ਰਾਮਾ ਜੀ ਅਤੇ ਜੇਠਾ ਜੀ ਨੂੰ ਕਿਹਾ ਕਿ "ਤੁਸੀ ਇੱਕ ਇੱਕ ਥੜੀ ਬਾਉਲੀ ਦੇ ਕੰਢੇ ਬਣਾਉ। ਇੱਕ ਉਤੇ ਮੈਂ ਸਵੇਰੇ ਬੈਠਿਆ ਕਰਾਂਗਾ ਅਤੇ ਦੂਜੀ ਉਤੇ ਸ਼ਾਮ ਨੂੰ।" ਜਦ ਦੋਵੇਂ ਥੜੀਆਂ ਬਣ ਗਈਆਂ, ਗੁਰੂ ਜੀ ਵੇਖਣ ਗਏ। ਰਾਮਾ ਜੀ ਨੇ ਆਪਣੀ ਥੜੀ ਵਿਖਾਈ ਅਤੇ ਸੋਚਿਆ ਕਿ ਉਸਨੇ ਚੰਗੀ ਬਣਾਈ ਹੈ। ਗੁਰੂ ਜੀ ਨੇ ਰਾਮਾ ਜੀ ਨੂੰ ਕਿਹਾ, "ਤੁਹਾਡੀ ਥੜੀ ਸਿੱਧੀ ਨਹੀਂ, ਇਸਨੂੰ ਢਾਹ ਦਿਉ ਅਤੇ ਮੁੜ ਬਣਾਉ।" ਰਾਮਾ ਜੀ ਨੂੰ ਚੰਗਾ ਨ ਲੱਗਾ, ਪਰ ਮੁੜ ਥੜੀ ਬਣਾ ਦਿਤੀ। ਇਹ ਵੀ ਗੁਰੂ ਜੀ ਨੂੰ ਪ੍ਰਸੰਨ ਕਰਨ ਵਿੱਚ ਸਫਲ ਨ ਹੋਈ। ਰਾਮਾ ਜੀ ਨੇ ਗੁਰੂ ਜੀ ਨਾਲ ਲੰਮੀ ਤਕਰਾਰ ਪਿਛੋਂ ਇਹ ਵੀ ਢਾਹ ਦਿਤੀ ਪਰ ਤੀਜੀ ਵਾਰ ਬਣਾਉਣ ਤੋਂ ਨਾਂਹ ਕਰ ਦਿਤੀ।

ਗੁਰੂ ਜੀ ਨੇ ਜੇਠਾ ਜੀ ਦੀ ਬਣਾਈ ਥੜੀ ਵੇਖੀ ਅਤੇ ਕਿਹਾ, "ਬੇਟਾ, ਇਹ ਮੈਨੂੰ ਪਸੰਦ ਨਹੀਂ। ਇਸਨੂੰ ਢਾਹ ਦਿਉ ਅਤੇ ਇੱਕ ਹੋਰ ਬਣਾਉ।" ਜੇਠਾ ਜੀ ਨੇ ਦੂਜੀ ਵਾਰ ਬਣਾ ਦਿਤੀ। ਉਹ ਵੀ ਗੁਰੂ ਜੀ ਦੀ ਪਸੰਦ ਅਨੁਸਾਰ ਨਹੀਂ ਸੀ। ਜੇਠਾ ਜੀ ਨੇ ਉਹ ਵੀ ਢਾਹਕੇ ਮੁੜ ਬਣਾਈ। ਗੁਰੂ ਜੀ ਲਗਾਤਾਰ ਨੁਕਸ ਦਸਦੇ ਰਹੇ। ਇਸ ਤਰ੍ਹਾਂ ਜੇਠਾ ਜੀ ਨੇ ਸੱਤ ਵਾਰ ਥੜੀ ਬਣਾਈ। ਅਖੀਰ ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਜੋਦੜੀ ਕੀਤੀ, "ਪਾਤਸ਼ਾਹ, ਮੈਂ ਮੂਰਖ ਹਾਂ ਅਤੇ ਮੈਨੂੰ ਸਮਝ ਨਹੀਂ, ਜਦ ਆਪ ਸਭ ਤਰ੍ਹਾਂ ਜਾਣੀਜਾਣ ਹੋ, ਕਿਰਪਾ ਕਰੋ ਅਤੇ ਮੈਨੂੰ ਸੋਝੀ ਬਖਸ਼ੋ ਤਾਂ ਜੁ ਮੈਂ ਆਪਜੀ ਦੀ ਚਾਹਨਾਂ ਅਨੁਸਾਰ ਥੜੀ ਬਣਾ ਸਕਾਂ।"

ਇਹ ਸੁਣਕੇ ਗੁਰੂ ਜੀ ਮੁਸਕਰਾਏ ਅਤੇ ਭਾਈ ਜੇਠਾ ਨੂੰ ਛਾਤੀ ਨਾਲ ਲਾ ਲਿਆ ਅਤੇ ਬਚਨ ਕੀਤਾ, "ਸਾਡਾ ਹੁਕਮ ਮੰਨਕੇ ਤੁਸਾਂ ਸੱਤ ਵਾਰ ਥੜੀ ਬਣਾਈ ਹੈ ਸੋ ਤੁਸਾਂ ਦੀਆਂ ਸੱਤ ਪੁਸ਼ਤਾਂ ਗੁਰੂ ਨਾਨਕ ਜੀ ਦੇ ਤਖਤ ਤੇ ਬੈਠਣਗੀਆਂ।"

ਗੁਰੂ ਜੀ ਦੀ ਸਭ ਤੋਂ ਛੋਟੀ ਸਪੁਤ੍ਰੀ, ਗੁਰੁ-ਪਿਤਾ ਜੀ ਦੀ ਸੇਵਾ ਕਰਦੀ ਸੀ। ਉਹ ਗੁਰੂ ਜੀ ਨੂੰ ਪੱਖਾ ਝਲਦੀ, ਪਾਣੀ ਲਿਆ ਦਿੰਦੀ ਅਤੇ ਲੰਗਰ ਵਿੱਚ ਕੰਮ ਕਰਦੀ। ਇੱਕ ਦਿਨ ਗੁਰੂ ਜੀ ਆਪਣੀ ਚੌਕੀ ਤੇ ਬੈਠੇ ਹੋਏ ਡੂੰਘੀ ਲਿਵ ਵਿੱਚ ਲੀਨ ਸਨ ਜਦ ਬੀਬੀ ਭਾਨੀ ਨੇ ਵੇਖਿਆ ਕਿ ਚੌਕੀ ਦਾ ਇੱਕ ਪਾਵਾ ਟੁੱਟ ਗਿਆ ਹੈ। ਇਸ ਡਰ ਕਾਰਨ ਕਿ ਗੁਰੂ ਜੀ ਦੀ ਲਿਵਲੀਨਤਾ ਵਿੱਚ ਵਿਘਨ ਨ ਪਵੇ, ਉਸਨੇ ਟੁੱਟੇ ਪਾਵੇ ਦੀ ਥਾਂ ਆਪਣੀ ਬਾਂਹ ਰਖ ਦਿਤੀ ਤਾਂ ਕਿ ਚੌਕੀ ਹਿੱਲੇ ਨਾ। ਜਦ ਗੁਰੂ ਜੀ ਨੇ ਅੱਖਾਂ ਖੋਲ੍ਹੀਆਂ ਤਾਂ ਉਨ੍ਹਾਂ ਨੇ ਬੀਬੀ ਭਾਨੀ ਦੀ ਬਾਂਹ ਵਿਚੋਂ ਲਹੂ ਵਗਦਾ ਵੇਖਿਆ। ਪੁੱਛਣ ਤੇ ਬੀਬੀ ਨੇ ਦੱਸਿਆ ਕਿ ਟੁੱਟੇ ਹੋਏ ਪਾਵੇ ਨਾਲ ਗੁਰੂ ਜੀ ਦੀ ਲਿਵ ਉਖੜ ਜਾਣ ਦਾ ਡਰ ਸੀ ਅਤੇ ਇਸ ਲਈ ਉਸਨੇ ਆਪਣੇ ਚੰਗੇ ਭਾਗ ਸਮਝੇ, ਗੁਰੂ ਜੀ ਦੀ ਸੇਵਾ ਵਿੱਚ ਚੌਕੀ ਦੇ ਟੁੱਟੇ ਪਾਵੇ ਦੀ ਥਾਂ ਆਪਣੀ ਬਾਂਹ ਰਖ ਦਿਤੀ। ਗੁਰੂ ਜੀ ਨੇ ਬਚਨ ਕੀਤਾ, "ਜੋ ਵੀ ਕੋਈ ਚੰਗਾ ਕਰਮ ਕਰੇਗਾ ਉਸਨੂੰ ਉਸਦਾ ਫਲ ਮਿਲੇਗਾ।" ਗੁਰੂ ਜੀ ਨੇ ਬੀਬੀ ਨੂੰ ਕਿਹਾ ਕਿ ਕੁਝ ਮੰਗ ਲਵੋ। ਬੀਬੀ ਭਾਨੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਗੁਰਗੱਦੀ ਉਸਦੀ ਵੰਸ਼ ਵਿੱਚ ਹੀ ਰਵ੍ਹੇ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਬੀਬੀ ਨੂੰ ਦੱਸਿਆ ਕਿ ਗੁਰਗੱਦੀ ਫੁੱਲਾਂ ਦੀ ਸੇਜ ਨਹੀਂ ਅਤੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਗੁਰੂ ਜੀ ਨੂੰ ਦੁਖ ਅਤੇ ਕਸ਼ਟ ਵਿਚੋਂ ਲੰਘਣਾ ਪਵੇਗਾ। ਬੀਬੀ ਭਾਨੀ ਨੇ ਉਹ ਦੁਖ ਅਤੇ ਕਸ਼ਟ ਸਹਿਣੇ ਮੰਨ ਗਈ ਅਤੇ ਫਿਰ ਬੇਨਤੀ ਕੀਤੀ ਕਿ ਗੁਰਗੱਦੀ ਮੇਰੇ ਪਰਵਾਰ ਵਿੱਚ ਰਹਿਣ ਦੀ ਇੱਛਾ ਪ੍ਰਵਾਨ ਕਰੋ। ਹੁਣ ਤਕ ਗੁਰਗੱਦੀ ਗੁਰੂ ਦਾ ਹੁਕਮ ਮੰਨਕੇ ਅਤੇ ਗੁਰੂ ਜੀ ਲਈ ਪੂਰਨ ਸ਼ਰਧਾ ਕਾਰਨ ਮਿਲਦੀ ਰਹੀ ਸੀ। ਹੁਣ ਵੀ ਬੀਬੀ ਭਾਨੀ ਨੇ ਆਪਣੀ ਡੂੰਘੀ ਸ਼ਰਧਾ ਅਤੇ ਸੇਵਾ ਕਰਕੇ ਹੀ ਆਪਣੇ ਪ੍ਰਵਾਰ ਲਈ ਗੁਰਗੱਦੀ ਪ੍ਰਾਪਤ ਕੀਤੀ ਗੁਰੂ ਜੀ ਨੇ ਬੀਬੀ ਜੀ ਦੀ ਇੱਛਾ ਪੂਰੀ ਹੋਣ ਦੀ ਬਖਸ਼ਿਸ਼ ਕੀਤੀ।

ਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਕਰਤਾਰਪੁਰ ਸੌਂਪੀ ਪਰ ਉਨ੍ਹਾਂ ਨੂੰ ਕਿਹਾ ਕਿ ਖਡੂਰ ਜਾਕੇ ਰਹੋ। ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਸੌਂਪਣਾ ਕੀਤੀ ਅਤੇ ਕਿਹਾ ਕਿ ਗੋਇੰਦਵਾਲ ਜਾਕੇ ਰਹੋ। ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਕਿਹਾ ਕਿ ਗੋਇੰਦਵਾਲ ਦੀ ਥਾਂ ਕੋਈ ਹੋਰ ਸਥਾਨ ਢੂੰਡੋ ਸਿਖਾਂ ਦੇ ਰਹਿਣ ਯੋਗ। ਜੇਠਾ ਜੀ ਨੇ ਗੋਇੰਦਵਾਲ ਤੋਂ ੨੫ ਕੁ ਮੀਲ ਤੇ ਇੱਕ ਖੁੱਲ੍ਹੀ ਜ਼ਮੀਨ ਦੇਖੀ ਅਤੇ ਆਪਣਾ ਟਿਕਾਣਾ ਉਥੇ ਕਰ ਲਿਆ। ਉਥੇ ਆਪਣੇ ਲਈ ਇੱਕ ਘਰ ਉਸਾਰ ਲਿਆ ਅਤੇ ਇੱਕ ਤਲਾਅ

ਖੁਦਵਾ ਲਿਆ ਜਿਸਦਾ ਨਾਮ ਸੰਤੋਖਸਰ ਰਖਿਆ ਗਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਜੇਠਾ ਜੀ ਨੂੰ ਆਦੇਸ਼ ਦਿਤਾ ਕਿ ਇੱਕ ਹੋਰ ਸਰੋਵਰ ਪੂਰਬ ਵਾਲੇ ਪਾਸੇ ਖੁਦਵਾਉ ਜਿਸਦਾ ਨਾਮ ਅੰਮ੍ਰਿਤਸਰ ਹੋਵੇ।

## ਗੁਰੂ ਰਾਮਦਾਸ ਜੀ ਨੂੰ ਗੁਰਗੱਦੀ :

ਗੁਰੂ ਅਮਰਦਾਸ ਜੀ ਨੇ ਜੇਠਾ ਜੀ ਦੀ ਹਰ ਤਰ੍ਹਾਂ ਪ੍ਰੀਖਿਆ ਲੈਕੇ ਵੇਖ ਲਿਆ ਕਿ ਇਹ ਗੁਰਗੱਦੀ ਦੇ ਪੂਰੀ ਤਰ੍ਹਾਂ ਯੋਗ ਹਨ ਤਾਂ ਇੱਕ ਦਿਨ ਵਿਸ਼ੇਸ਼ ਸੰਗਤ ਦੀ ਇਕਤਰਤਾ ਕੀਤੀ। ਉਨਾਂ ਨੇ ਭਾਈ ਬੱਲੂ ਨੂੰ ਨਰੇਲ ਅਤੇ ਪੰਜ ਪੈਸੇ ਲਿਆਉਣ ਲਈ ਕਿਹਾ। ਜੇਠਾ ਜੀ ਨੂੰ ਇਸ਼ਨਾਨ ਕਰਕੇ ਨਵਾਂ ਜਾਮਾ ਪਹਿਨਣ ਲਈ ਕਿਹਾ। ਫਿਰ ਗੁਰੂ ਜੀ ਨੇ ਆਪਣੀ ਗੱਦੀ ਤੋਂ ਉਤਰਕੇ ਜੇਠਾ ਜੀ ਨੂੰ ਉਸ ਤੇ ਬਿਠਾਇਆ ਅਤੇ ਇਨ੍ਹਾਂ ਨੂੰ ਗੁਰੂ ਰਾਮਦਾਸ ਕਿਹਾ। ਭਾਈ ਬੁੱਢਾ ਜੀ ਨੇ, ਪ੍ਰਚਲਤ ਰਸਮ ਅਨੁਸਾਰ, ਗੁਰੂ ਰਾਮਦਾਸ ਜੀ ਦੇ ਮੱਥੇ ਤੇ ਪਾਤਸ਼ਾਹੀ ਦਾ ਤਿਲਕ ਲਾਇਆ। ਮਹਾਨ ਖੁਸ਼ੀਆਂ ਵਿੱਚ, ਸਾਰੇ ਸਿੱਖਾਂ ਨੇ ਆਪਣੇ ਆਪਣੇ ਵਿਤ ਅਨੁਸਾਰ ਗੁਰੂ ਰਾਮਦਾਸ ਜੀ ਅੱਗੇ ਭੇਟਾਂ ਰੱਖਕੇ ਮੱਥਾ ਟੇਕਿਆ। ਇਸ ਤਰ੍ਹਾਂ ਗੁਰਗਦੀ ਦੀ ਬਖਸ਼ਿਸ਼ ਗੁਰੂ ਰਾਮਦਾਸ ਜੀ ਨੂੰ ੩੦ ਅਗਸਤ ੧੫੭੪ ਨੂੰ ਕੀਤੀ ਗਈ।

## ਗੁਰੂ ਅਮਰਦਾਸ ਜੀ ਦਾ ਅੰਤ ਵਿਛੋੜਾ :

ਗੁਰੂ ਅਮਰਦਾਸ ਜੀ ਨੇ ਬਚਨ ਕੀਤਾ, "ਅਕਾਲ ਪੁਰਖ ਦਾ ਹੁਕਮ ਆ ਗਿਆ ਹੈ। ਮੇਰੇ ਸਰੀਰ ਤਿਆਗਣ ਪਿਛੋਂ ਕਿਸੇ ਤਰ੍ਹਾਂ ਦਾ ਸੋਗ ਨਹੀਂ ਕਰਨਾ, ਸਗੋਂ ਅਕਾਲ ਪੁਰਖ ਦੀਆਂ ਵਡਿਆਈਆਂ ਦਾ ਗਾਇਨ ਅਤੇ ਗੁਰਬਾਣੀ ਦਾ ਪਾਠ ਕਰਨਾ, ਸੁਨਣਾ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮੰਨਣਾ।" ਗੁਰੂ ਜੀ ਪਹਿਲੀ ਸਤੰਬਰ ੧੫੭੪ ਨੂੰ ਜੋਤੀ ਜੋਤਿ ਸਮਾ ਗਏ।

੧. ਗੁਰੂ ਜੀ ਨੇ ਆਪਣੇ ਲਈ ਇਕ ਘੋੜੀ ਰੱਖੀ ਹੋਈ ਸੀ।

੨. ਇਕ ਬ੍ਰਾਹਮਣ ਆਪਣੇ ਚਾਰੇ ਪਾਸੇ ਲੀਕ ਮਾਰਕੇ ਉਸ ਥਾਂ ਨੂੰ ਪਾਣੀ ਨਾਲ ਧੋਕੇ ਇਸਨੂੰ ਪਵਿਤ੍ਰ ਚੌਕਾ ਕਹਿੰਦਾ ਹੈ। ਤਦ ਉਹ ਉਸ ਚੌਕੇ ਵਿਚ ਆਪਣਾ ਭੋਜਨ ਤਿਆਰ ਕਰਦਾ ਹੈ। ਜੇ ਕੋਈ ਉਸ ਚੌਕੇ ਵਿਚ ਪੈਰ ਰਖ ਦਿੰਦਾ ਹੈ ਇਹ ਭਿਟ ਜਾਂਦਾ ਹੈ ਅਤੇ ਤਿਆਰ ਹੋਇਆ ਭੋਜਨ ਭੀ ਭਿਟ ਜਾਂਦਾ ਹੈ।